# ਗੈਰ-ਬਦਲਾ

**Q** **ਮੈਂ ਛੇ ਮਹੀਨੇ ਪਹਿਲਾਂ ਇੱਕ ਇਲਜ਼ਾਮ ਰਿਪੋਰਟ ਕੀਤਾ ਸੀ। ਉਦੋਂ ਤੋਂ ਮੇਰੇ ਪ੍ਰਬੰਧਕ ਨੇ ਮੈਨੂੰ ਕਈ ਮੀਟਿੰਗਾਂ ਵਿੱਚ ਸ਼ਾਮਿਲ ਹੋਣ ਤੋਂ ਰੋਕ ਦਿੱਤਾ ਹੈ। ਕੀ ਇਹ ਬਦਲਾ ਹੈ?**

**A** ਤੁਹਾਡੇ ਨਾਲ ਕਿਹੋ ਜਿਹਾ ਵਿਵਹਾਰ ਕੀਤਾ ਜਾਂਦਾ ਹੈ, ਉਸ ਵਿੱਚ ਖਾਸ ਬਦਲਾਵ ਬਦਲਾ ਹੋ ਸਕਦੇ ਹਨ। ਜੇਕਰ ਤੁਹਾਡਾ ਪ੍ਰਬੰਧਕ ਇੱਕ ਇਲਜ਼ਾਮ ਰਿਪੋਰਟ ਕਰਨ ਤੋਂ ਬਾਅਦ ਤੁਹਾਡਾ ਪ੍ਰਬੰਧਕ ਤੁਹਾਡੇ ਨਾਲ ਵੱਖ ਤਰ੍ਹਾਂ ਦਾ ਵਿਵਹਾਰ ਕਰਦਾ ਹੈ, ਤਾਂ ਤੁਹਾਨੂੰ ਓਪਨ ਡੋਰ ਪ੍ਰਕਿਰਿਆ ਰਾਹੀਂ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰਕੇ ਆਪਣੀ ਚਿੰਤਾ ਦੀ ਸੂਚਨਾ ਦੇਣੀ ਚਾਹੀਦੀ ਹੈ।

**Q** **ਮੇਰੇ ਇੱਕ ਸਹਿਯੋਗੀ ਨੇ ਹੈਲਪਲਾਈਨ 'ਤੇ ਫੋਨ ਕੀਤਾ ਅਤੇ ਮੇਰੇ ਵਿਰੁੱਧ ਇੱਕ ਝੂਠਾ ਦਾਅਵਾ ਕੀਤਾ ਮੈਨੂੰ ਲੱਗਦਾ ਹੈ ਕਿ ਉਸਨੇ ਅਜਿਹਾ ਮੇਰੇ ਕੈਰੀਅਰ ਨੂੰ ਖਰਾਬ ਕਰਨ ਲਈ ਕੀਤਾ। ਕੀ ਮੈਂ ਉਸਦੇ ਮੁਲਾਂਕਣ 'ਤੇ ਘੱਟ ਦਰਜਾ ਦੇ ਸਕਦਾ ਹਾਂ ਕਿਉਂਕਿ ਉਹ ਮੇਰੇ ਬਾਰੇ ਵਿੱਚ ਸਪਸ਼ਟ ਰੂਪ ਨਾਲ ਝੂਠੀਆਂ ਗੱਲਾਂ ਫੈਲਾਉਣ ਦੀ ਕੋਸ਼ਿਸ਼ ਕਰ ਰਹੀ ਹੈ?**

**A** ਸਾਨੂੰ ਉਹਨਾਂ ਸਹਿਯੋਗੀਆਂ 'ਤੇ ਵਿਸ਼ਵਾਸ਼ ਕਰਨਾ ਚਾਹੀਦਾ ਹੈ, ਜੋ ਨੇਕਨੀਤੀ ਨਾਲ ਚਿੰਤਾਵਾਂ ਦੀ ਰਿਪੋਰਟ ਕਰਦੇ ਹਨ। ਕਿਸੇ ਸਹਿਯੋਗੀ ਦੇ ਵਿਰੁੱਧ ਇਸ ਲਈ ਕਾਰਵਾਈ ਕਰਨਾ ਕਿ ਉਸਨੇ ਚਿੰਤਾ ਦੀ ਰਿਪੋਰਟ ਕੀਤੀ ਹੈ, ਬਦਲਾ ਹੈ ਅਤੇ ਇਸ ਲਈ ਤੁਹਾਡੇ ਪ੍ਰਬੰਧਕ ਹੋਣ ਦੇ ਤੌਰ 'ਤੇ ਨੇਮ ਪਾਲਣ ਸੰਬੰਧੀ ਕਾਰਵਾਈ ਕੀਤੀ ਜਾ ਸਕਦੀ ਹੈ। ਵਾਲਮਾਰਟ ਵਿਖੇ ਬਦਲੇ ਨੂੰ ਸਹਿਨ ਨਹੀਂ ਕੀਤਾ ਜਾਏਗਾ। ਇਹ ਇੱਕ ਖੁਲ੍ਹੇ ਰਿਪੋਰਟਿੰਗ ਮਾਹੌਲ ਨੂੰ ਰੋਕਦਾ ਹੈ ਅਤੇ ਡਰ ਦੇ ਮਾਹੌਲ ਨੂੰ ਉਤਸ਼ਾਹ ਦਿੰਦਾ ਹੈ।

**Q** **ਕੀ ਬਦਲੇ ਤੋਂ ਸੁਰੱਖਿਆ ਕੇਵਲ ਤਦ ਹੀ ਉਪਲਬਧ ਹੈ, ਜੇਕਰ ਮੈਂ ਹੈਲਪਲਾਈਨ ਰਾਹੀਂ ਆਪਣੀ ਚਿੰਤਾ ਦੀ ਰਿਪੋਰਟ ਕਰਦਾ ਹਾਂ?**

**A** ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਚਿੰਤਾ ਦੀ ਰਿਪੋਰਟ ਕਿਵੇਂ ਕਰਦੇ ਹੋ, ਭਾਵੇਂ ਪ੍ਰਬੰਧਨ, ਮਨੁੱਖੀ ਸੰਸਾਧਨ (Human Resources) ਜਾਂ ਗਲੋਬਲ ਐਥਿਕਸ ਰਾਹੀਂ, ਬਦਲਾ ਅਸਵੀਕ੍ਰਿਤ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਵਿਰੁੱਧ ਬਦਲਾ ਲਿਆ ਗਿਆ ਹੈ, ਤਾਂ ਓਪਨ ਡੋਰ ਪ੍ਰਕਿਰਿਆ ਰਾਹੀਂ ਪ੍ਰਬੰਧਨ ਨੂੰ ਆਪਣੀ ਚਿੰਤਾ ਦੀ ਰਿਪੋਰਟ ਕਰੋ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰੋ।

# ਅਲਕੋਹਲ ਅਤੇ ਨਸ਼ੀਲੇ ਪਦਾਰਥਾਂ ਤੋਂ ਮੁਕਤ ਕਾਰਜ ਸਥਾਨ

## Q ਮੈਨੂੰ ਪ੍ਰਬੰਧਨ ਵਿੱਚ ਉੱਨਤੀ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਇੱਕ ਡ੍ਰਗ ਜਾਂਚ ਕਰਾਉਣ ਲਈ ਕਿਹਾ ਗਿਆ ਸੀ? ਕੀ ਇਹ ਸਟੈਂਡਰਡ ਹੈ?

**A** ਜਿੱਥੇ ਵੀ ਕਾਨੂੰਨ ਦੁਆਰਾ ਅਨੁਮਤੀ ਦਿੱਤੀ ਗਈ ਹੈ, ਨੌਕਰੀ ਦੇ ਉਮੀਦਵਾਰਾਂ ਦੀ ਪੇਸ਼ਕਸ਼ ਤੋਂ ਬਾਅਦ ਨੌਕਰੀ 'ਤੇ ਰੱਖਣ ਦੀ ਪ੍ਰਕਿਰਿਆ ਦੇ ਹਿੱਸੇ ਦੇ ਤੌਰ 'ਤੇ ਜਾਂ ਪ੍ਰਬੰਧਨ ਵਿੱਚ ਉੱਨਤੀ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਡ੍ਰਗ ਜਾਂਚ ਕੀਤੀ ਜਾ ਸਕਦੀ ਹੈ। ਜੋ ਉਮੀਦਵਾਰ ਜਾਂਚ ਵਿੱਚ ਗੈਰਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਲਈ ਪੋਜਿਟਿਵ ਪਾਇਆ ਜਾਂਦਾ ਹੈ, ਉਸਨੂੰ ਨੌਕਰੀ 'ਤੇ ਨਹੀਂ ਰੱਖਿਆ ਜਾਏਗਾ, ਉੱਨਤੀ ਨਹੀਂ ਕੀਤੀ ਜਾਏਗੀ ਅਤੇ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਵਾਲਮਾਰਟ ਤੁਹਾਡੇ ਤੋਂ ਡ੍ਰਗ ਜਾਂਚ ਪ੍ਰਸਤੁਤ ਕਰਨ ਦੀ ਮੰਗ ਕਰ ਸਕਦੀ ਹੈ, ਜਿੱਥੇ ਕੰਮ 'ਤੇ ਹੋਣ ਵੇਲੇ ਕੁਝ ਸੱਟਾਂ ਤੋਂ ਬਾਅਦ ਜਾਂ ਜੇਕਰ ਸ਼ੱਕ ਦਾ ਉਚਿਤ ਆਧਾਰ ਪਾਇਆ ਜਾਂਦਾ ਹੈ ਕਿ ਤੁਸੀਂ ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਵਿੱਚ ਹੋ, ਕਾਨੂੰਨ ਦੁਆਰਾ ਅਨੁਮਤੀ ਦਿੱਤੀ ਜਾਂਦੀ ਹੈ।

## Q ਜੇਕਰ ਮੈਨੂੰ ਨਸ਼ੀਲੇ ਪਦਾਰਥ ਲੈਣ ਜਾਂ ਸ਼ਰਾਬ ਦੀ ਸਮੱਸਿਆ ਹੈ ਤਾਂ ਕੀ ਮੈਂ ਕਿਤੇ ਸਹਾਇਤਾ ਲਈ ਜਾ ਸਕਦਾ ਹਾਂ?

**A** ਕੁਝ ਦੇਸ਼ਾਂ ਵਿੱਚ ਵਾਲਮਾਰਟ ਓਪਰੇਸ਼ੰਸ ਸਲਾਹ ਸੇਵਾਵਾਂ ਮੁਹੱਈਆ ਕਰਦੇ ਹਨ। ਕਿਰਪਾ ਕਰਕੇ ਸਹਾਇਤਾ ਲਈ ਓਪਨ ਡੋਰ ਪ੍ਰਕਿਰਿਆ ਰਾਹੀਂ ਆਪਣੇ ਪ੍ਰਬੰਧਕ, ਆਪਣੇ ਮਨੁੱਖੀ ਸੰਸਾਧਨ ਜਾਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਆਪਣੇ ਸਥਾਨਕ ਸਲਾਹ ਕੇਂਦਰ ਨੂੰ ਸੰਪਰਕ ਕਰੋ।

## Q ਮੈਂ ਵਾਲਮਾਰਟ ਵੱਲੋਂ ਪੇਸ਼ ਕੀਤੀ ਇੱਕ ਸਮੂਹਿਕ ਮੀਟਿੰਗ ਵਿੱਚ ਭਾਗ ਲੈ ਰਿਹਾ ਹਾਂ, ਜਿੱਥੇ ਸ਼ਰਾਬ ਪਰੋਸੀ ਜਾਏਗੀ। ਕੀ ਮੈਂ ਉੱਥੇ ਸ਼ਰਾਬ ਪੀ ਸਕਦਾ ਹਾਂ?

**A** ਦੇਸ਼ ਦੇ ਮਾਰਕਿਟ ਪ੍ਰੈਜ਼ੀਡੈਂਟ ਜਾਂ ਸਮਾਰੋਹ ਨੂੰ ਪੇਸ਼ ਕਰਨ ਵਾਲੀ ਕਾਰੋਬਾਰ ਯੂਨਿਟ ਦੇ ਕਾਰਪੋਰੇਟ ਐਗਜ਼ੀਕਿਉਟਿਵ ਅਫਸਰ ਤੋਂ ਪੂਰਵ ਅਨੁਮਤੀ ਨਾਲ, ਕੰਪਨੀ ਵੱਲੋਂ ਪੇਸ਼ ਕੀਤੇ ਜਾਣ ਵਾਲੇ ਕੁਝ ਸਮਾਰੋਹਾਂ ਵਿੱਚ ਸ਼ਰਾਬ ਪਰੋਸੀ ਜਾ ਸਕਦੀ ਹੈ। ਸ਼ਰਾਬ ਪੀਣ ਦੀ ਕਾਨੂੰਨੀ ਉਮਰ ਵਾਲੇ ਸਹਿਯੋਗੀ ਇਹਨਾਂ ਸਮਾਰੋਹਾਂ ਵਿੱਚ ਸ਼ਰਾਬ ਪੀ ਸਕਦੇ ਹਨ।

## ਵਿਤਕਰਾ ਅਤੇ ਉਤਪੀੜਨ ਰੋਕਥਾਮ

**Q** **ਵਿਸ਼ਰਾਮ ਕਮਰੇ ਵਿੱਚ, ਦੂਜੇ ਸਹਿਯੋਗੀਆਂ ਨੇ ਮੇਰੀ ਰਾਸ਼ਟਰੀਅਤਾ ਨਾਲ ਜੁੜੇ ਅਸ਼ਿਸ਼ਟ ਨਾਲ ਬੁਲਾਇਆ। ਮੈਨੂੰ ਕੀ ਕਰਨਾ ਚਾਹੀਦਾ ਹੈ?**

**A** ਤੁਰੰਤ ਓਪਨ ਡੋਰ ਪ੍ਰਕਿਰਿਆ ਰਾਹੀਂ ਪ੍ਰਬੰਧਨ ਨੂੰ ਘਟਨਾ ਦੀ ਰਿਪੋਰਟ ਕਰੋ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰੋ।

**Q** **ਇੱਕ ਵਿਭਾਗ ਪ੍ਰਬੰਧਕ ਹਮੇਸ਼ਾ ਇਸ ਬਾਰੇ ਟਿੱਪਣੀ ਕਰਦਾ ਹੈ ਕਿ ਮੈਂ ਕਿੰਨਾ ਆਕਰਸ਼ਕ ਹਾਂ, ਜਿਸ ਨਾਲ ਮੈਨੂੰ ਪਰੇਸ਼ਾਨੀ ਮਹਿਸੂਸ ਹੁੰਦੀ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?**

**A** ਅਸੀਂ ਤੁਹਾਨੂੰ ਉਤਸ਼ਾਹ ਦਿੰਦੇ ਹਾਂ ਕਿ ਤੁਸੀਂ ਉਸ ਵਿਅਕਤੀ ਨੂੰ ਇਹ ਸਭ ਬੰਦ ਕਰਨ ਲਈ ਕਹੋ। ਜੇਕਰ ਤੁਸੀਂ ਉਸ ਵਿਅਕਤੀ ਨਾਲ ਗੱਲ ਨਹੀਂ ਕਰਨਾ ਚਾਹੁੰਦੇ ਜਾਂ ਇਹ ਕਿਰਿਆ ਬੰਦ ਨਹੀਂ ਹੁੰਦੀ, ਤਾਂ ਤੁਰੰਤ ਓਪਨ ਡੋਰ ਪ੍ਰਕਿਰਿਆ ਰਾਹੀਂ ਪ੍ਰਬੰਧਨ ਨੂੰ ਸਮੱਸਿਆ ਦੀ ਰਿਪੋਰਟ ਕਰੋ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰੋ।

**Q** **ਕੀ ਕਾਰਜ ਸਥਾਨ ਵਿੱਚ ਕਦੇ-ਕਦਾਈਂ ਮੇਰੇ ਡੈਸਕ ਕੈਲੰਡਰ 'ਤੇ ਰੂੜ੍ਹੀਬੱਧ ਅਤੇ ਸੈਕਸੁਅਲ ਚੁਟਕੁਲੇ ਸਹੀ ਹਨ?**

**A** ਨਹੀਂ। ਇਹ ਕਾਰਜ ਸਥਾਨ ਵਿਖੇ ਕਿਸੇ ਹੋਰ ਲਈ ਅਪਮਾਨਜਨਕ ਹੋ ਸਕਦੇ ਹਨ। ਜੇਕਰ ਤੁਹਾਨੂੰ ਕੋਈ ਸ਼ੱਕ ਹੈ, ਤਾਂ ਉਸ ਵਸਤ ਨੂੰ ਕਾਰਜ ਸਥਾਨ ਤੋਂ ਹਟਾ ਦਿਓ।

**Q** **ਇੱਕ ਸਹਿਯੋਗੀ ਨੇ ਮੀਟਿੰਗ ਵਿੱਚ ਕੋਈ ਗੱਲ ਕਹੀ, ਜੋ ਮੇਰੇ ਲਈ ਅਪਮਾਨਜਨਕ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?**

**A** ਜੇਕਰ ਤੁਸੀਂ ਸਹਿਜ ਮਹਿਸੂਸ ਕਰਦੇ ਹੋ ਤਾਂ ਉਸ ਵਿਅਕਤੀ ਨਾਲ ਗੱਲ ਕਰੋ ਅਤੇ ਉਸਨੂੰ ਦੱਸੋ। ਕੁਝ ਗੱਲਾਂ ਵਿਆਪਕ ਤੌਰ 'ਤੇ ਅਪਮਾਨਜਨਕ ਹੋ ਸਕਦੀਆਂ ਹਨ ਪਰੰਤੂ ਕੁਝ ਨਹੀਂ। ਹੋ ਸਕਦਾ ਹੈ ਸਹਿਯੋਗੀ ਨੂੰ ਪਤਾ ਨਾ ਹੋਵੇ ਕਿ ਉਸ ਦੁਆਰਾ ਵਰਤੇ ਗਏ ਸ਼ਬਦ ਕਿਸੇ ਹੋਰ ਲਈ ਅਪਮਾਨਜਨਕ ਹੋ ਸਕਦੇ ਹਨ। ਤੁਸੀਂ ਓਪਨ ਡੋਰ ਪ੍ਰਕਿਰਿਆ ਦਾ ਇਸਤੇਮਾਲ ਵੀ ਕਰ ਸਕਦੇ ਹੋ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰ ਸਕਦੇ ਹੋ।

## ਗਲਤ ਆਚਰਨ

**Q** **ਮੇਰੀ ਚੈਕਆਉਟ ਲਾਈਨ ਵਿੱਚ ਇੱਕ ਗਾਹਕ ਲਗਾਤਾਰ ਮੈਨੂੰ ਗਲਤ ਨਾਮ ਨਾਲ ਬੁਲਾਉਂਦਾ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?**

**A** ਆਪਣੇ ਸਟੋਰ ਵਿੱਚ ਪ੍ਰਬੰਧਨ ਦੇ ਕਿਸੇ ਮੈਂਬਰ ਨੂੰ ਜਾਂ ਅਸੈਟ ਪ੍ਰੋਟੈਕਸ਼ਨ (Asset Protection) ਨੂੰ ਸੰਪਰਕ ਕਰੋ।

## ਤਨਖਾਹ ਅਤੇ ਕੰਮ ਕਰਨ ਦਾ ਸਮਾਂ

**Q** **ਮੇਰਾ ਪ੍ਰਬੰਧਕ ਰੁਜ਼ਾਨਾ ਸ਼ਾਮ ਨੂੰ ਮੇਰੇ ਆਪਣੀ ਕਾਰ ਵਿੱਚ ਬੈਠਣ ਵੇਲੇ (ਛੁੱਟੀ ਹੋਣ ਦੇ ਬਾਅਦ) ਮੈਨੂੰ ਕਾਰਟ ਇਕੱਠੇ ਕਰਨ ਲਈ ਕਹਿੰਦਾ ਹੈ। ਕੀ ਇਹ ਸਵੀਕਾਰਯੋਗ ਹੈ?**

**A** ਨਹੀਂ। ਤੁਹਾਨੂੰ ਆਪਣੇ ਪ੍ਰਬੰਧਕ ਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਪਹਿਲਾਂ ਹੀ ਕੰਮ ਸਮਾਪਤ ਕਰ ਲਿਆ ਹੈ ਅਤੇ ਤੁਹਾਡਾ ਛੁੱਟੀ ਤੋਂ ਬਾਅਦ ਕੰਮ ਕਰਨਾ ਕੰਪਨੀ ਨੀਤੀ ਦੀ ਉਲੰਘਣਾ ਹੈ। ਤੁਹਾਨੂੰ ਓਪਨ ਡੋਰ ਪ੍ਰਕਿਰਿਆ ਰਾਹੀਂ ਜਾਂ ਗਲੋਬਲ ਐਥਿਕਸ ਨੂੰ ਫੋਨ ਕਰਕੇ ਪ੍ਰਬੰਧਨ ਨੂੰ ਸਮੱਸਿਆ ਦੀ ਰਿਪੋਰਟ ਕਰਨੀ ਚਾਹੀਦੀ ਹੈ।

## ਹਿਤ ਦੇ ਵਿਰੋਧ

**Q** **ਮੈਂ ਹੁਣੇ ਜਿਹੇ ਹੀ ਆਪਣੇ ਬੈਂਕ ਦੇ ਮਿਉਚਲ ਫੰਡ ਪ੍ਰੋਗਰਾਮ ਵਿੱਚ $10,000 ਡਾਲਰ ਦਾ ਨਿਵੇਸ਼ ਕੀਤਾ ਹੈ। ਜੋ ਫੰਡ ਵਿੱਚ ਕੁਝ ਪੈਸੇ ਪ੍ਰਤਿਯੋਗੀ ਜਾਂ ਸਪਲਾਇਰ ਸਟੌਕ ਦੇ ਹੋ ਸਕਦੇ ਹਨ। ਕੀ ਇਹ ਉਲੰਘਣਾ ਹੈ?**

**A** ਜੇਕਰ ਨਿਵੇਸ਼ ਯੋਜਨਾ 'ਤੇ ਤੁਹਾਡਾ ਸਿੱਧਾ ਨਿਯੰਤਰਣ ਨਹੀਂ ਹੈ, ਤਾਂ ਇਹ ਉਲੰਘਣਾ ਨਹੀਂ ਹੈ।

**Q** **ਕਿਸੇ ਨੇ ਮੈਨੂੰ ਦੱਸਿਆ ਕਿ ਕਿਸੇ ਸਪਲਾਇਰ ਦੇ ਸਟੌਕ ਵਿੱਚ ਮੇਰਾ ਖੁਦ ਦਾ ਸਟੌਕ ਨਹੀਂ ਹੋ ਸਕਦਾ । ਕੀ ਇਹ ਸਹੀ ਹੈ?**

**A** ਸ਼ਾਇਦ। ਬੰਦਸ਼ ਇਹ ਹੈ ਕਿ ਤੁਹਾਡਾ ਕਿਸੇ ਅਜਿਹੇ ਸਪਲਾਇਰ ਨਾਲ ਕੋਈ ਸਿੱਧਾ ਵਿੱਤੀ ਹਿਤ ਨਹੀਂ ਹੋ ਸਕਦਾ, ਜਿਸਦੇ ਕਾਰੋਬਾਰ 'ਤੇ ਵਾਲਮਾਰਟ ਵਿਖੇ ਤੁਹਾਡੀ ਪੋਜੀਸ਼ਨ 'ਤੇ ਸਿੱਧਾ ਜਾਂ ਅਪ੍ਰਤੱਖ ਪ੍ਰਭਾਵ ਹੈ। ਉਹਨਾਂ ਸਪਲਾਇਰਾਂ ਨਾਲ ਵਿੱਤੀ ਹਿਤਾਂ ਦੇ ਵਿਰੁੱਧ ਕੋਈ ਬੰਦਸ਼ ਨਹੀਂ ਹੈ, ਜਿਸਦਾ ਕਾਰੋਬਾਰ 'ਤੇ ਤੁਹਾਡਾ ਪ੍ਰਭਾਵ ਨਹੀਂ ਹੈ।

**Q ਮੈਂ ਹੁਣੇ ਜਿਹੇ ਹੀ ਵਾਲਮਾਰਟ ਨਾਲ ਜੁੜਿਆ ਹਾਂ ਅਤੇ ਇੱਕ ਮੁੱਖ ਪ੍ਰਤਿਯੋਗੀ ਦੇ ਸਟੌਕ ਵਿੱਚ ਮੇਰੇ ਖੁਦ ਦੇ $20,000 ਡਾਲਰ (ਜਾਂ ਇਸਦੇ ਸਮਾਨ ਸਥਾਨਕ ਮੁਦਰਾ) ਹਨ। ਕੀ ਮੈਨੂੰ ਇਹ ਸਟੌਕ ਵੇਚਣਾ ਚਾਹੀਦਾ ਹੈ?**

**A** ਤੁਹਾਨੂੰ ਇਹ ਜਾਣਕਾਰੀ ਆਪਣੇ ਪ੍ਰਬੰਧਕ ਅਤੇ ਗਲੋਬਲ ਐਥਿਕਸ ਨੂੰ ਦੇਣੀ ਚਾਹੀਦੀ ਹੈ। ਗਲੋਬਲ ਐਥਿਕਸ ਹਿਤ ਦੇ ਕਿਸੇ ਵੀ ਵਿਰੋਧ ਦੇ ਸੰਬੰਧ ਵਿੱਚ ਤੁਹਾਨੂੰ ਸਲਾਹ ਦੇਵੇਗੀ।

**Q ਜਿਸ ਕੌਂਟਰੈਕਟਿੰਗ ਕੰਪਨੀ ਨਾਲ ਕਾਰੋਬਾਰ ਕਰ ਰਿਹਾ ਹਾਂ, ਜੋ ਵਾਲਮਾਰਟ ਵਿੱਚ ਮੇਰੀ ਪੋਜੀਸ਼ਨ ਦਾ ਇੱਕ ਹਿੱਸਾ ਹੈ। ਉਹਨਾਂ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਕਿਸੇ ਇੰਜੀਨੀਅਰ ਨੂੰ ਜਾਣਦਾ ਹਾਂ, ਜਿਸਨੂੰ ਉਹ ਨੌਕਰੀ 'ਤੇ ਰੱਖ ਸਕਦੇ ਹਨ। ਮੇਰਾ ਬੇਟਾ ਯੋਗ ਹੈ ਅਤੇ ਇਸ ਕੰਪਨੀ ਲਈ ਕੰਮ ਕਰਨਾ ਚਾਹੁੰਦਾ ਹੈ। ਕੀ ਮੈਂ ਇਸ ਪੋਜੀਸ਼ਨ ਲਈ ਆਪਣੇ ਬੇਟੇ ਦਾ ਹਵਾਲਾ ਦੇ ਸਕਦਾ ਹਾਂ?**

**A** ਨਹੀਂ। ਭਾਵੇਂ ਕੌਂਟਰੈਕਟਿੰਗ ਕੰਪਨੀ ਨੇ ਤੁਹਾਡੇ ਤੋਂ ਸਿਫਾਰਿਸ਼ ਮੰਗੀ ਹੈ, ਅਜਿਹਾ ਜਾਪ ਸਕਦਾ ਹੈ ਕਿ ਤੁਸੀਂ ਆਪਣੇ ਬੇਟੇ ਨੂੰ ਨੌਕਰੀ ਦਵਾਉਣ ਲਈ ਵਾਲਮਾਰਟ ਵਿੱਚ ਆਪਣੀ ਪੋਜੀਸ਼ਨ ਦਾ ਇਸਤੇਮਾਲ ਕਰ ਰਹੇ ਹੋ। ਇਹ ਹਿਤ ਦਾ ਵਿਰੋਧ ਹੋਵੇਗਾ, ਜੋ ਵਾਲਮਾਰਟ ਦੇ ਪ੍ਰਤਿਨਿਧੀ ਦੇ ਤੌਰ 'ਤੇ ਤੁਹਾਡੀ ਸ਼ਾਖ ਖਰਾਬ ਹੋ ਸਕਦੀ ਹੈ।

**Q ਮੇਰਾ ਗਵਾਂਢੀ ਮੇਰਾ ਸਪਲਾਇਰ ਹੈ। ਉਸਨੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਗਵਾਂਢ ਦੀ ਪਾਰਟੀ ਵਿੱਚ ਸੱਦਾ ਦਿੱਤਾ ਹੈ। ਜੇਕਰ ਅਸੀਂ ਉਸ ਪਾਰਟੀ ਵਿੱਚ ਗਏ ਤਾਂ ਕੀ ਇਹ ਹਿਤ ਦਾ ਵਿਰੋਧ ਹੋਵੇਗਾ?**

**A** ਅਜਿਹੀ ਪਾਰਟੀ ਵਿੱਚ ਸ਼ਾਮਿਲ ਹੋਣਾ ਉਦੋਂ ਤੱਕ ਕੋਈ ਉਲੰਘਣਾ ਨਹੀਂ ਹੈ, ਜਦੋਂ ਉਹ ਪੂਰੇ ਗਵਾਂਢ ਲਈ ਹੋਵੇ ਅਤੇ ਤੁਹਾਨੂੰ ਇਸ ਲਈ ਸੱਦਾ ਦਿੱਤਾ ਗਿਆ ਹੈ ਕਿ ਤੁਸੀਂ ਗਵਾਂਢੀ ਹੋ, ਵਾਲਮਾਰਟ ਵਿੱਚ ਤੁਹਾਡੀ ਪੋਜੀਸ਼ਨ ਦੇ ਕਾਰਨ ਨਹੀਂ। ਖੁਦ ਤੋਂ ਇਹ ਪੁੱਛਣਾ ਯਾਦ ਰੱਖੋ: ਜੇਕਰ ਦੂਜੇ ਸਪਲਾਇਰ ਜਾਂ ਹੋਰ ਸਹਿਯੋਗੀਆਂ ਨੂੰ ਇਸ ਸਥਿਤੀ ਬਾਰੇ ਪਤਾ ਹੈ, ਤਾਂ ਕੀ ਇਹ ਜਾਪੇਗਾ ਕਿ ਤੁਸੀਂ ਇੱਕ ਸਪਲਾਇਰ ਦੇ ਤੌਰ 'ਤੇ ਆਪਣੇ ਗਵਾਂਢੀ ਨਾਲ ਤਰਜੀਹੀ ਵਿਵਹਾਰ ਕਰ ਰਹੇ ਹੋ ਜਾਂ ਉਹ ਸਪਲਾਇਰ ਤੁਹਾਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ?

**Q ਸਾਡੀ ਮਾਰਕਿਟ ਇਲੈਕਟ੍ਰੋਨਿਕਸ ਟੀਮ ਇੱਕ ਸਪਲਾਇਰ ਵੱਲੋਂ ਆਯੋਜਿਤ ਕੀਤੇ ਇੱਕ ਟ੍ਰੇਨਿੰਗ ਸੈਸ਼ਨ ਵਿੱਚ ਸ਼ਾਮਿਲ ਹੋ ਰਹੀ ਹੈ, ਜੋ ਨਵੀਂ ਟੀਮ ਬਾਰੇ ਜਾਣਨ ਬਾਰੇ ਹੈ, ਜੋ ਸਪਲਾਇਰ ਬਣਾ ਰਿਹਾ ਹੈ। ਸਪਲਾਇਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਟ੍ਰੇਨਿੰਗ ਵਿੱਚ ਸ਼ਾਮਿਲ ਹੋਣ ਲਈ ਇੱਕ ਮੁਫ਼ਤ ਟੀ-ਸ਼ਰਟ ਮਿਲੇਗੀ। ਕੀ ਅਸੀਂ ਟੀ-ਸ਼ਰਟਾਂ ਸਵੀਕਾਰ ਕਰ ਸਕਦੇ ਹਾਂ?**

**A** ਕਿਉਂਕਿ ਟੀ-ਸ਼ਰਟਾਂ ਸਪਲਾਇਰ ਖੁਦ ਦੇ ਰਿਹਾ ਹੈ ਅਤੇ ਇਹ ਉਤਪਾਦ ਜਾਂ ਉਤਪਾਦ ਦੀ ਜਾਣਕਾਰੀ ਪ੍ਰਾਪਤ ਕਰਨ ਨਾਲ ਸੰਬੰਧਿਤ ਨਹੀਂ ਹਨ, ਇਸ ਲਈ ਟੀਮ ਨੂੰ ਟੀ-ਸ਼ਰਟਾਂ ਸਵੀਕਾਰ ਨਹੀਂ ਕਰਨੀਆਂ ਚਾਹੀਦੀਆਂ। ਨਿਮਰਤਾ ਨਾਲ ਟੀ-ਸ਼ਰਟਾਂ ਲੈਣ ਤੋਂ ਇਨਕਾਰ ਕਰ ਦਿਓ ਅਤੇ ਸਪਲਾਇਰ ਨੂੰ ਸੁਗਾਤਾਂ ਅਤੇ ਮਨੋਰੰਜਨ ਦੀਆਂ ਵਸਤਾਂ 'ਤੇ ਸਾਡੇ ਪੱਧਰ ਬਾਰੇ ਵਿਸਤਾਰ ਨਾਲ ਦੱਸੋ।

**Q ਮੈਨੂੰ ਸਪਲਾਇਰ ਵੱਲੋਂ ਪੇਸ਼ ਕੀਤੇ ਇੱਕ ਸਮਾਰੋਹ ਵਿੱਚ ਇੱਕ ਪੈਨਲ 'ਤੇ ਬੋਲਣ ਦੀ ਬੇਨਤੀ ਕੀਤੀ ਗਈ ਹੈ। ਸਪਲਾਇਰ ਨੇ ਸਾਰੇ ਸਪੀਕਰਾਂ ਦੇ ਹੋਣ ਵਾਲੇ ਸਾਰੇ ਖਰਚਿਆਂ ਦਾ ਭੁਗਤਾਨ ਕਰਨ ਦੀ ਪੇਸ਼ਕਸ਼ ਕੀਤੀ ਹੈ। ਕੀ ਮੇਰੇ ਖਰਚਿਆਂ ਦਾ ਭੁਗਤਾਨ ਕਰਨਾ ਸਪਲਾਇਰ ਲਈ ਸਹੀ ਹੈ?**

**A** ਨਹੀਂ। ਸਪਲਾਇਰ ਨਾਲ ਸਾਡੇ ਕਾਰੋਬਾਰੀ ਸੰਬੰਧ ਦੇ ਕਾਰਨ, ਵਾਲਮਾਰਟ ਨੂੰ ਸਮਾਰੋਹ ਨਾਲ ਜੁੜੇ ਖਰਚਿਆਂ ਦਾ ਭੁਗਤਾਨ ਕਰਨਾ ਚਾਹੀਦਾ ਹੈ।

**Q ਮੈਂ ਵਿੱਤੀ ਸੇਵਾਵਾਂ (Financial Services) ਵਿੱਚ ਕੰਮ ਕਰਦਾ ਹਾਂ ਅਤੇ ਮੈਨੂੰ ਮੇਰੇ ਇੱਕ ਨਜ਼ਦੀਕੀ ਦੋਸਤ ਨੇ ਜਨਮਦਿਨ ਦੀ ਇੱਕ ਸੁਗਾਤ ਦਿੱਤੀ, ਜਿਸਨੂੰ ਵਾਲਮਾਰਟ ਦਾ ਖਿਡੌਣਿਆਂ ਦੇ ਸਪਲਾਇਰ ਵੱਲੋਂ ਨਿਯੁਕਤ ਕੀਤਾ ਜਾਣਾ ਹੈ ਕੀ ਮੈਂ ਸੁਗਾਤ ਸਵੀਕਾਰ ਕਰ ਸਕਦਾ ਹਾਂ?**

**A** ਤੁਹਾਡੀ ਭੂਮਿਕਾ ਵਿੱਚ, ਤੁਹਾਡਾ ਸਪਲਾਇਰ ਨਾਲ ਕਾਰੋਬਾਰ ਰਿਸ਼ਤੇ 'ਤੇ ਕੋਈ ਸਿੱਧਾ ਜਾਂ ਅਪ੍ਰਤੱਖ ਪ੍ਰਭਾਵ ਨਹੀਂ ਹੈ, ਇਸ ਲਈ ਤੁਹਾਡੇ ਦੋਸਤ ਤੋਂ ਸੁਗਾਤ ਸਵੀਕਾਰ ਕਰਨ ਨਾਲ ਉਲੰਘਣਾ ਨਹੀਂ ਹੋਵੇਗੀ।

**Q** **ਮੇਰੀ ਮਾਰਕਿਟ ਵਿੱਚ, ਕਾਰੋਬਾਰ ਸੰਬੰਧੀ ਮੀਟਿੰਗਾਂ ਦੇ ਦੌਰਾਨ ਜਾਂ ਉਹਨਾਂ ਦੇ ਕੇਂਦਰਾਂ ਵਿੱਚ ਜਾਣ 'ਤੇ ਪੇਯ ਪਦਾਰਥਾਂ ਦੀ ਪੇਸ਼ਕਸ਼ ਕਰਨਾ ਸਪਲਾਇਰਾਂ ਦਾ ਇੱਕ ਸਾਂਸਕ੍ਰਿਤਿਕ ਰਿਵਾਜ ਹੈ, ਜਿਵੇਂ ਕੌਫੀ, ਚਾਹ, ਜਾਂ ਠੰਢਾ ਅਤੇ ਥੋੜ੍ਹੇ ਹੋਰ ਸਨੈਕਸ। ਕੀ ਮੈਂ ਇਹ ਜਲਪਾਨ ਸਵੀਕਾਰ ਕਰ ਸਕਦਾ ਹਾਂ?**

**A** ਤੁਸੀਂ ਰਿਵਾਜੀ ਜਲਪਾਨ ਸਵੀਕਾਰ ਕਰ ਸਕਦੇ ਹੋ ਜਿਵੇਂ ਕੌਫੀ, ਠੰਢਾ ਜਾਂ ਥੋੜ੍ਹੇ ਸਨੈਕਸ। ਹਾਲਾਂਕਿ, ਤੁਹਾਨੂੰ ਅਜਿਹਾ ਭੋਜਨ ਅਤੇ ਪੇਯ ਪਦਾਰਥ ਸਵੀਕਾਰ ਨਹੀਂ ਕਰਨੇ ਚਾਹੀਦੇ, ਜਿਸਨੂੰ ਇੱਕ ਪੂਰਾ ਭੋਜਨ ਮੰਨਿਆ ਜਾਏ। ਕਾਰੋਬਾ

**Q** **ਇੱਕ ਸਪਲਾਇਰ ਜਿਸ ਨਾਲ ਮੈਂ ਕੰਮ ਕਰਦਾ ਹਾਂ, ਉਸਨੇ ਮੈਨੂੰ ਵਿਸ਼ਵ ਕੱਪ (World Cup) ਦੀਆਂ ਦੋ ਟਿਕਟਾਂ ਦੀ ਪੇਸ਼ਕਸ਼ ਕੀਤੀ ਹੈ, ਜੇਕਰ ਮੈਂ ਉਹਨਾਂ ਨੂੰ ਅੰਕਿਤ ਮੁੱਲ ਦਾ ਭੁਗਤਾਨ ਕਰਦਾ ਹਾਂ। ਕੀ ਮੈਂ ਟਿਕਟਾਂ ਖਰੀਦ ਸਕਦਾ ਹਾਂ।**

**A** ਨਹੀਂ। ਹਾਲਾਂਕਿ ਤੁਸੀਂ ਟਿਕਟਾਂ ਦੇ ਅੰਕਿਤ ਮੁੱਲ ਦਾ ਭੁਗਤਾਨ ਕਰ ਸਕਦੇ ਹੋ, ਇਹ ਵਸਤ ਦੇ ਮਾਰਕਿਟ ਮੁੱਲ ਨੂੰ ਨਹੀਂ ਦਰਸਾ ਸਕਦਾ। ਕੁਝ ਭਾਗਾਂ ਵਿੱਚ ਟਿਕਟਾਂ ਨੂੰ ਦੁਬਾਰਾ ਵੇਚਣ ਦੀ ਅਨੁਮਤੀ ਹੁੰਦੀ ਹੈ, ਅਤੇ ਤੁਸੀਂ ਲਾਭ ਕਮਾਉਣ ਦੇ ਯੋਗ ਹੋ ਸਕਦੇ ਹੋ ਜੇਕਰ ਤੁਸੀਂ ਉਹਨਾਂ ਨੂੰ ਵੇਚਦੇ ਹੋ। ਇਸ ਤੋਂ ਇਲਾਵਾ, ਇਸਨੂੰ ਸ਼ਾਖ ਦੀ ਸੁਗਾਤ ਮੰਨਿਆ ਜਾ ਸਕਦਾ ਹੈ, ਕਿਉਂਕਿ ਵਿਸ਼ਵ ਕੱਪ ਜਿਹੇ ਇੱਕ ਖਾਸ ਸਮਾਰੋਹ (ਜਿਸ ਵਿੱਚ ਸ਼ਾਮਿਲ ਹੋਣ ਦੀ ਚਾਹ ਹਰੇਕ ਨੂੰ ਹੁੰਦੀ ਹੈ) ਵਿੱਚ ਸ਼ਾਮਿਲ ਹੋਣ ਦਾ ਮੌਕਾ ਹਰ ਕਿਸੇ ਲਈ ਆਸਾਨੀ ਨਾਲ ਉਪਲਬਧ ਨਹੀਂ ਹੁੰਦਾ।

## ਵਾਲਮਾਰਟ ਦੀਆਂ ਸੰਪਤੀਆਂ

**Q** **ਮੈਨੂੰ ਆਪਣੀ ਨੌਕਰੀ ਦੇ ਕੰਮਾਂ ਲਈ ਅਕਸਰ ਬਾਹਰ ਜਾਣਾ ਪੈਂਦਾ ਹੈ। ਕੀ ਮੈਂ ਸਫ਼ਰ ਦੇ ਸਮੇਂ ਆਪਣਾ ਬੈਂਕ ਖਾਤਾ ਔਨਲਾਈਨ ਦੇਖਣ ਲਈ ਆਪਣੀ ਕੰਪਨੀ ਦਾ ਲੈਪਟੌਪ ਵਰਤ ਸਕਦਾ ਹਾਂ?**

**A** ਹਾਂ, ਜਦੋਂ ਤੱਕ ਇਹ ਤੁਹਾਡੇ ਕਾਰਜ ਪ੍ਰਦਰਸ਼ਨ ਵਿੱਚ ਵਿਘਨ ਨਾ ਪਾਵੇ।

**Q** **ਮੇਰੇ ਪ੍ਰਬੰਧਕ ਨੇ ਮੈਨੂੰ ਦੱਸਿਆ ਕਿ ਜਦੋਂ ਮੈਂ ਸਫ਼ਰ ਵਿੱਚ ਆਪਣਾ ਲੈਪਟੌਪ ਲੈ ਕੇ ਜਾਵਾਂ ਤਾਂ ਮੈਨੂੰ ਇਸਨੂੰ ਆਪਣੇ ਨਾਲ ਜਹਾਜ ਵਿੱਚ ਲਿਜਾਣਾ ਚਾਹੀਦਾ ਹੈ। ਕੀ ਇਹ ਸਚਮੁਚ ਲਾਜ਼ਮੀ ਹੈ?**

**A** ਹਾਂ। ਜਦੋਂ ਸਫ਼ਰ ਕੰਪਨੀ ਵੱਲੋਂ ਦਿੱਤਾ ਗਿਆ ਲੈਪਟੌਪ ਲਿਜਾਣਾ ਹੋਵੇ, ਤਾਂ ਤੁਹਾਡੇ ਲਈ ਇਸਨੂੰ ਆਪਣੇ ਨਾਲ ਜਹਾਜ ਵਿੱਚ ਲਿਜਾਣਾ ਲਾਜ਼ਮੀ ਹੈ। ਤੁਹਾਡੇ ਸਮਾਨ ਦੇ ਨਾਲ ਇਸਦੀ ਜਾਂਚ ਨਹੀਂ ਕੀਤੀ ਜਾ ਸਕਦੀ। ਲੈਪਟੌਪ ਅਤੇ ਇਸ ਵਿੱਚ ਮੌਜੂਦ ਜਾਣਕਾਰੀ ਨੂੰ ਚੋਰੀ, ਹਾਨੀ, ਦੁਰਵਰਤੋਂ ਜਾਂ ਨਸ਼ਟ ਹੋਣ ਤੋਂ ਬਚਾਉਣਾ ਲਾਜ਼ਮੀ ਹੈ।

# ਜਾਣਬੁੱਝ ਕੇ ਬੇਈਮਾਨੀ

**Q ਇੱਕ ਇੰਡਸਟਰੀ ਵਪਾਰ ਅਸੋਸੀਏਸ਼ਨ ਨੇ ਮੈਨੂੰ ਆਪਣੀ ਅਸੋਸੀਏਸ਼ਨ ਦੇ ਮੈਂਬਰਾਂ ਲਈ ਇੱਕ ਬੈਂਚਮਾਰਕ ਅਧਿਐਨ ਵਿੱਚ ਭਾਗ ਲੈਣ ਬਾਰੇ ਸੰਪਰਕ ਕੀਤਾ ਹੈ। ਇਹ ਸਾਡੇ ਪ੍ਰਤਿਯੋਗੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਇੱਕ ਵਧੀਆ ਤਰੀਕਾ ਜਾਪਦਾ ਹੈ। ਕੀ ਸਾਨੂੰ ਭਾਗ ਲੈਣਾ ਚਾਹੀਦਾ ਹੈ?**

**A** ਇੰਡਸਟਰੀ ਦੀਆਂ ਬੈਂਚਮਾਰਕ ਗਤੀਵਿਧੀਆਂ ਵਿੱਚ ਭਾਗ ਵਿੱਚ ਕੋਈ ਬੁਰਾਈ ਨਹੀਂ ਹੈ। ਹਾਲਾਂਕਿ, ਇਹ ਕਦੇ ਵੀ ਪ੍ਰਤਿਯੋਗੀਆਂ ਬਾਰੇ ਗੁਪਤਜਾਣਕਾਰੀ ਲੈਣ ਲਈ ਨਹੀਂ ਵਰਤੀਆਂ ਜਾਣੀਆਂ ਚਾਹੀਦੀਆਂ।

**Q ਸਾਡੇ ਸਟੋਰ ਵਿੱਚ ਕਈ ਅਜਿਹੇ ਸਹਿਯੋਗੀ ਹਨ, ਜੋ ਆਪਣੇ CBL ਦੇ ਸਮਰਥਨ ਵਿੱਚ ਹਨ। ਆਪਣੇ ਪ੍ਰਬੰਧਕ ਨੂੰ ਤਰੱਕੀ ਹੋਣ ਦੀ ਦੇਰ ਨਾਲ ਰਿਪੋਰਟ ਕਰਨ ਤੋਂ ਬਚਣ ਲਈ, ਕੀ ਮੈਂ ਸਾਡੀਆਂ ਟੀਮ ਮੀਟਿੰਗਾਂ ਦੇ ਦੌਰਾਨ ਆਪਣੇ ਦਫ਼ਤਰ ਦੇ ਸਹਿਯੋਗੀ ਦੇ CBL ਨੂੰ ਨਾਲ ਲੈ ਸਕਦਾ ਹਾਂ ਅਤੇ ਫਿਰ ਆਪਣੇ ਸਹਿਯੋਗੀਆਂ ਨਾਲ ਸਮੱਗਰੀ ਨੂੰ ਸ਼ਾਮਿਲ ਕਰ ਸਕਦਾ ਹਾਂ?**

**A** ਨਹੀਂ। ਆਪਣੇ ਦਫ਼ਤਰ ਦੇ ਸਹਿਯੋਗੀ ਨੂੰ ਹੋਰਾਂ ਸਹਿਯੋਗੀਆਂ ਦਾ CBL ਪੂਰਾ ਕਰਨਾ ਨਾ ਕੇਵਲ ਜਾਣਬੁੱਝ ਕੇ ਬੇਈਮਾਨੀ ਦਾ ਕੰਮ ਹੋਵੇਗਾ ਬਲਕਿ ਪ੍ਰਬੰਧਕ ਵੱਲੋਂ ਇੱਕ ਅਨੈਤਿਕ ਨਿਰਦੇਸ਼ ਵੀ ਮੰਨਿਆ ਜਾਏਗਾ। ਇਸ ਨਾਲ ਤੁਹਾਡੀ ਇਮਾਨਦਾਰੀ ਦੇ ਨਾਲ-ਨਾਲ ਦਫ਼ਤਰ ਸਹਿਯੋਗੀ ਅਤੇ ਸਹਿਯੋਗੀਆਂ ਦੀ ਇਮਾਨਦਾਰੀ 'ਤੇ ਵੀ ਅਸਰ ਪਏਗਾ, ਜਿਸਨੂੰ CBL ਲੈਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ, CBL ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕੀਤੀ ਜਾਂਦੀ ਹੈ ਕਿ ਸਾਡੇ ਸਹਿਯੋਗੀਆਂ ਨੇ ਉਹ ਖਾਸ ਸਥਿਤੀਆਂ ਨਾਲ ਨਿਪਟਣ ਲਈ ਸਹੀ ਢੰਗ ਨਾਲ ਸਿੱਖਿਅਤ ਹਨ, ਜੋ ਉਹਨਾਂ ਦੇ ਕੰਮ ਵਿੱਚ ਉਤਪੰਨ ਹੋ ਸਕਦੀਆਂ ਹਨ। ਜੇਕਰ ਤੁਸੀਂ ਆਪਣੇ ਸਹਿਯੋਗੀਆਂ ਨੂੰ ਉਹਨਾਂ ਦੀਆਂ ਸੌਂਪੀਆਂ CBL ਲੈਣ ਦੀ ਅਨੁਮਤੀ ਨਹੀਂ ਦਿੰਦੇ, ਤਾਂ ਤੁਸੀਂ ਆਪਣੇ ਸਹਿਯੋਗੀਆਂ, ਗਾਹਕਾਂ ਅਤੇ ਕੰਪਨੀ ਲਈ ਸੰਭਵ ਤੌਰ 'ਤੇ ਖਤਰਾ ਉਤਪੰਨ ਕਰ ਰਹੇ ਹੋ।

**Q ਮੈਂ ਵਾਲਮਾਰਟ ਵਿਖੇ ਦੂਜੀ ਨੌਕਰੀ ਲਈ ਅਰਜ਼ੀ ਦੇ ਰਿਹਾ ਹਾਂ। ਨੌਕਰੀ ਦੀ ਲੋੜ ਇੱਕ ਕਾੱਲੇਜ ਦੀ ਡਿਗਰੀ ਹੈ। ਅਸਲ ਵਿੱਚ ਮੈਨੂੰ ਕੁਝ ਮਹੀਨਿਆਂ ਬਾਅਦ ਡਿਗਰੀ ਮਿਲੇਗੀ। ਕੀ ਮੈਂ ਆਪਣੇ ਰਿਜ਼ਿਉਮੇ 'ਤੇ ਲਿਖ ਸਕਦਾ ਹਾਂ ਕਿ ਮੇਰੇ ਕੋਲ ਡਿਗਰੀ ਹੈ?**

**A** ਨਹੀਂ। ਨੌਕਰੀ ਦੀ ਖੋਜ ਕਰਨ ਵੇਲੇ ਤੁਹਾਨੂੰ ਆਪਣੀਆਂ ਯੋਗਤਾਵਾਂ ਦੇ ਪ੍ਰਤੀ ਇਮਾਨਦਾਰ ਹੋਣਾ ਚਾਹੀਦਾ ਹੈ। ਤੁਹਾਡੀ ਸਿੱਖਿਆ, ਅਨੁਭਵ, ਪ੍ਰਮਾਣ ਪੱਤਰ ਜਾਂ ਲਸੰਸ ਗਲਤ ਪੇਸ਼ ਕਰਨਾ ਇੱਕ ਬੇਈਮਾਨੀ ਵਾਲਾ ਕੰਮ ਹੈ, ਜੋ ਸੰਭਵ ਤੌਰ 'ਤੇ ਸਾਡੀ ਕੰਪਨੀ ਲਈ ਖਤਰਾ ਉਤਪੰਨ ਕਰਨ ਦੇ ਨਾਲ-ਨਾਲ ਉਮੀਦਵਰ ਚੋਣ ਪ੍ਰਕਿਰਿਆ ਵਿੱਚ ਅਨੁਚਿਤ ਲਾਭ ਮੁਹੱਈਆ ਕਰ ਸਕਦੀ ਹ

**Q** **ਮੇਰੇ ਪ੍ਰਬੰਧਕ ਨੇ ਦੱਸਿਆ ਕਿ, ਬੈਕਰੂਮ ਵਿੱਚ ਬਿਨ ਡੱਬਿਆਂ ਤੱਕ ਪਹੁੰਚਣ ਵਿੱਚ ਹੋਣ ਵਾਲੀ ਮੁਸ਼ਕਲ ਦੇ ਕਾਰਨ, ਸਾਨੂੰ ਸਿਸਟਮ ਵਿੱਚ ਇਹ ਪ੍ਰਵਾਨ ਕਰਨਾ ਚਾਹੀਦਾ ਹੈ ਕਿ ਬਿਨ ਔਡਿਟ ਜਦੋਂ ਹੋਇਆ, ਅਸਲ ਵਿੱਚ, ਨਹੀਂ ਹੋਇਆ। ਮੈਨੂੰ ਕੀ ਕਰਨਾ ਚਾਹੀਦਾ ਹੈ?**

**A** ਤੁਹਾਡਾ ਪ੍ਰਬੰਧਕ ਤੁਹਾਨੂੰ ਜੋ ਕਰਨ ਲਈ ਕਹਿ ਰਿਹਾ ਹੈ, ਉਹ ਬਿਨ ਔਡਿਟ ਨੂੰ ਜਾਲ੍ਹੀ ਬਣਾਉਣਾ ਹੈ, ਜੋ ਕੇਵਲ ਬੇਈਮਾਨੀ ਵਾਲਾ ਕੰਮ ਹੀ ਨਹੀਂ ਹੈ ਪਰੰਤੂ ਇਹ ਸਾਡੇ ਕਾਰੋਬਾਰ ਲਈ ਹਾਨੀਕਾਰਕਵੀ ਹੋ ਸਕਦਾ ਹੈ। ਆਪਣੇ ਬਿਨ ਔਡਿਟ ਸਹੀ ਢੰਗ ਨਾਲ ਨਾ ਕਰਕੇ, ਤੁਸੀਂ ਸੰਭਵ ਤੌਰ 'ਤੇ ਸਟੋਰ ਵਿਖੇ ਗਾਹਕ ਸੇਵਾ ਦੇ ਪੱਧਰ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਇਨ ਸਟੌਕ ਪੱਧਰਾਂ ਦੀ ਸਹੀ ਸਾਂਝ ਦੀ ਸਟੋਰ ਦੀ ਸਮਰੱਥਾ ਨੂੰ ਵੀ ਪ੍ਰਭਾਵਿਤ ਕਰ ਰਹੇ ਹੋ। ਇਸ ਤੋਂ ਇਲਾਵਾ, ਤੁਹਾਡੇ ਪ੍ਰਬੰਧਕ ਨੇ ਤੁਹਾਨੂੰ ਇੱਕ ਬੇਈਮਾਨ ਕੰਮ ਕਰਨ ਵਿੱਚ ਸ਼ਾਮਿਲ ਹੋਣ ਲਈ ਕਿਹਾ ਹੈ। ਤੁਹਾਨੂੰ ਇਸਦੀ ਰਿਪੋਰਟ ਓਪਨ ਡੋਰ ਪ੍ਰਕਿਰਿਆ ਰਾਹੀਂ ਪ੍ਰਬੰਧਨ ਨੂੰ ਇਸਦੀ ਰਿਪੋਰਟ ਕਰਨੀ ਚਾਹੀਦੀ ਹੈ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰੋ।

## ਵਿੱਤੀ ਈਮਾਨਦਾਰੀ

**Q** **ਮੇਰੇ ਪ੍ਰਬੰਧਕ ਨੇ ਮੈਨੂੰ ਕਈ ਵਸਤਾਂ 'ਤੇ ਜ਼ੀਰੋ ਮਾਰਕਡਾਉਨ ਕਰਨ ਅਤੇ ਉਹਨਾਂ ਨੂੰ ਸ਼ੈਲਫਾਂ 'ਤੇ ਛੱਡਣ ਲਈ ਕਿਹਾ ਹੈ ਕਿਉਂਕਿ ਇਹ "ਸਾਡੀ ਵਸਤੂ ਸੂਚੀ ਵਿੱਚ ਮਦਦ ਕਰੇਗਾ।" ਕੀ ਇਹ ਸਵੀਕਾਰਯੋਗ ਹੈ?**

**A** ਨਹੀਂ। ਮਾਰਕਡਾਉਨ ਦਾ ਜੋੜ-ਤੋੜ ਨਾ ਕੇਵਲ ਬੇਈਮਾਨੀ ਹੈ, ਬਲਕਿ ਇਹ ਸਟੋਰ ਦੇ ਲਾਭ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਜੇਕਰ ਤੁਹਾਨੂੰ ਅਜਿਹਾ ਕਰਨ ਦਾ ਨਿਰਦੇਸ਼ ਦਿੱਤਾ ਜਾ ਰਿਹਾ ਹੈ, ਤਾਂ ਤੁਰੰਤ ਗਲੋਬਲ ਐਥਿਕਸ ਨੂੰ ਇਸਦੀ ਰਿਪੋਰਟ ਦਿਓ।

**Q** **ਮੇਰੀ ਇੱਕ ਨਜ਼ਦੀਕੀ ਸਹਿਯੋਗੀ ਨੇ ਮੈਨੂੰ ਸਾਡੀ ਵਿੱਤੀ ਜਾਣਕਾਰੀ ਵਿੱਚ ਵਿਵਸਥਾਵਾਂ ਕਰਨ ਲਈ ਕਿਹਾ ਤਾਂ ਜੋ "ਚੰਗੇ ਮਹੀਨੇ" ਸਾਡੇ "ਖਰਾਬ ਮਹੀਨਿਆਂ" ਵਿੱਚ ਸਹਾਇਤਾ ਕਰਨ। ਕੀ ਇਹ ਇੱਕ ਸਮੱਸਿਆ ਹੋ ਸਕਦੀ ਹੈ?**

**A** ਖਾਤਿਆਂ ਅਤੇ ਭੱਤਿਆਂ ਦਾ ਜੋੜ-ਤੋੜ ਨਾ ਕੇਵਲ ਜਾਣਬੁੱਝ ਕੇ ਬੇਈਮਾਨੀ ਹੈ, ਬਲਕਿ ਇੱਕ ਵਿੱਤੀ ਇਮਾਨਦਾਰੀ ਚਿੰਤਾ ਵੀ ਹੈ, ਜਿਸਦੇ ਗੰਭੀਰ ਨਤੀਜੇ ਹੋ ਸਕਦੇ ਹਨ, ਨਿਜੀ ਅਤੇ ਕੰਪਨੀ ਦੇ ਤੌਰ 'ਤੇ ਦੋਵੇਂ। ਤੁਹਾਨੂੰ ਗਲੋਬਲ ਐਥਿਕਸ ਨੂੰ ਤੁਰੰਤ ਇਸਦੀ ਰਿਪੋਰਟ ਕਰਨੀ ਚਾਹੀਦੀ ਹੈ।

## ਇਨਸਾਈਡਰ ਟ੍ਰੇਡਿੰਗ

**Q** **ਮੇਰੇ ਕੋਲ ਇੱਕ ਸ਼ਾਨਦਾਰ ਨਵੇਂ ਉਤਪਾਦ, ਜੋ ਕੰਪਨੀ ਬਾਜ਼ਾਰ ਵਿੱਚ ਲਿਆਉਣ ਵਾਲੀ ਹੈ, ਬਾਰੇ ਪਬਲਿਕ ਤੌਰ 'ਤੇ ਸੂਚੀਬੱਧ ਇੱਕ ਵੈਂਡਰ ਦੀ ਅੰਦਰਲੀ ਜਾਣਕਾਰੀ ਹੈ। ਕੀ ਮੈਂ ਉਸ ਪਬਲਿਕ ਕੰਪਨੀ ਦੇ ਸਟੌਕ ਨੂੰ ਖਰੀਦ ਸਕਦਾ ਹਾਂ?**

**A** ਨਹੀਂ। ਸਮੱਗਰੀ, ਗੈਰ-ਜਨਤਕ ਜਾਣਕਾਰੀ ਦੇ ਆਧਾਰ 'ਤੇ ਕਿਸੇ ਵੀ ਸਟੌਕ ਵਿਕਰੀ ਜਾਂ ਖਰੀਦ ਨੂੰ ਇਨਸਾਈਡਰ ਟ੍ਰੇਡਿੰਗ ਮੰਨਿਆ ਜਾਂਦਾ ਹੈ।

**Q** **ਕੀ ਮੈਂ ਕਿਸੇ ਦੋਸਤ ਨੂੰ ਉਸ ਪਬਲਿਕ ਕੰਪਨੀ ਦਾ ਸਟੌਕ ਖਰੀਦਣ ਦਾ ਉਤਸ਼ਾਹ ਦੇ ਸਕਦਾ ਹਾਂ?**

**A** ਦੂਜਿਆਂ ਨੂੰ ਸਟੌਕ ਖਰੀਦਣ ਦਾ ਉਤਸ਼ਾਹ ਦੇਣਾ ਤਦ ਵੀ ਇਨਸਾਈਡਰ ਟ੍ਰੇਡਿੰਗ ਮੰਨਿਆ ਜਾਏਗਾ ਅਤੇ ਇਸਨੂੰ ਆਮ ਤੌਰ 'ਤੇ "ਟਿਪਿੰਗ" ਕਿਹਾ ਜਾਂਦਾ ਹੈ। ਦੋਸਤ ਇਨਸਾਈਡ ਟ੍ਰੇਡਿੰਗ ਲਈ ਜ਼ੁੰਮੇਵਾਰ ਹੋਵੇਗਾ, ਜੇਕਰ ਉਸਨੇ ਤੁਹਾਡੀ ਟਿਪ ਦੇ ਆਧਾਰ 'ਤੇ ਸ਼ੇਅਰ ਖਰੀਦੇ ਤਾਂ ਤੁਸੀਂ ਟਿਪ ਦੇਣ ਲਈ ਇਨਸਾਈਡਰ ਟ੍ਰੇਡਿੰਗ ਲਈ ਜ਼ੁੰਮੇਵਾਰ ਹੋਵੋਗੇ ਭਾਵੇਂ ਤੁਸੀਂ ਪਬਲਿਕ ਕੰਪਨੀ ਦੇ ਸਟੌਕ ਦੇ ਕੋਈ ਸ਼ੇਅਰ ਨਹੀਂ ਖਰੀਦੇ।

## ਪ੍ਰਤਿਬੰਧਿਤ ਟ੍ਰੇਡ ਪੱਧਤੀਆਂ

**Q** **ਮੈਨੂੰ ਕਿਹਾ ਗਿਆ ਸੀ ਕਿ ਮੈਨੂੰ ਮੇਰੇ ਇੱਕ ਸਪਲਾਇਰ ਦਾ ਬਾਈਕਾਟ ਕਰਨਾ ਚਾਹੀਦਾ ਹੈ ਕਿਉਂਕਿ ਉਹ ਕਿਸੇ ਹੋਰ ਦੇਸ਼ ਵਿੱਚ ਕਾਰੋਬਾਰ ਕਰਦੇ ਹਨ। ਕੀ ਮੈਨੂੰ ਉਸ ਸਪਲਾਇਰ ਦੇ ਨਾਲ ਕਾਰੋਬਾਰ ਨਹੀਂ ਕਰਨਾ ਚਾਹੀਦਾ?**

**A** ਹਾਲਾਂਕਿ ਪ੍ਰਤਿਬੰਧ ਕਦੇ-ਕਦਾਈਂ ਕਿਸੇ ਖਾਸ ਦੇਸ਼ਾਂ ਅਤੇ ਵਿਅਕਤੀਆਂ 'ਤੇ ਲਗਾਏ ਜਾਂਦੇ ਹਨ, ਜੇਕਰ ਤੁਹਾਨੂੰ ਕਿਸੇ ਸਪਲਾਇਰ ਜਾਂ ਦੇਸ਼ ਨੂੰ ਬਾਈਕਾਟ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ ਤਾਂ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਕਾਨੂੰਨੀ ਜਾਂ ਅਨੁਪਾਲਣ (Legal or Compliance Department) ਨਾਲ ਗੱਲ ਕਰਨਾ ਹਮੇਸ਼ਾ ਬਿਹਤਰ ਹੁੰਦਾ ਹੈ।

Q&A

## ਭ੍ਰਿਸ਼ਟਾਚਾਰ-ਵਿਰੋਧੀ

**Q ਸਥਾਨਕ ਪੁਲਿਸ ਅਫ਼ਸਰਾਂ ਨੇ ਹੁਣੇ ਜਿਹੇ ਹੀ ਟਰੱਕਾਂ ਨੂੰ ਸਾਡੇ ਵਿਤਰਨ ਕੇਂਦਰ ਤੋਂ ਜਾਣ ਤੋਂ ਰੋਕ ਦਿੱਤਾ ਹੈ ਅਤੇ ਡਿਲੀਵਰੀ ਵਿੱਚ ਦੇਰੀ ਕਰਨ ਦੀ ਧਮਕੀ ਦਿੱਤੀ ਹੈ ਜਦੋਂ ਤੱਕ ਡ੍ਰਾਈਵਰ ਅਫ਼ਸਰ ਨੂੰ ਨਕਦ $50 ਅਮਰੀਕੀ ਡਾਲਰ ਦਾ ਭੁਗਤਾਨ ਨਹੀਂ ਕਰਦਾ। ਮੇਰੇ ਪ੍ਰਬੰਧਕ ਨੇ ਕਿਹਾ ਕਿ ਸਾਨੂੰ $50 ਡਾਲਰ ਦੇ ਗਿਫਟ ਕਾਰਡ ਆਪਣੇ ਨਾਲ ਰੱਖਣੇ ਚਾਹੀਦੇ ਹਨ। ਕੀ ਇਹ ਉਚਿਤ ਹੈ?**

**A** ਨਹੀਂ। ਵਾਲਮਾਰਟ ਦੀ ਨੀਤੀ ਸਰਕਾਰੀ ਕੰਮ ਨੂੰ ਪ੍ਰਭਾਵਿਤ ਕਰਨ ਲਈ ਸਰਕਾਰੀ ਅਫ਼ਸਰਾਂ ਨੂੰ ਸਾਰੇ ਗ਼ੈਰਸਰਕਾਰੀ ਭੁਗਤਾਨ ਕਰਨ ਦਾ ਵਿਰੋਧ ਕਰਦੀ ਹੈ। ਇਹ ਰੋਕ ਨਕਦ, ਸੁਗਾਤਾਂ ਜਾਂ ਹੋਰ ਮੁੱਲ ਦੀਆਂ ਵਸਤਾਂ 'ਤੇ ਲਾਗੂ ਹੁੰਦੀ ਹੈ। ਤੁਹਾਨੂੰ ਗਲੋਬਲ ਐਥਿਕਸ ਨੂੰ ਤੁਰੰਤ ਇਸਦੀ ਰਿਪੋਰਟ ਕਰਨੀ ਚਾਹੀਦੀ ਹੈ।

**Q ਇੱਕ ਸਟੋਰ ਸਥਾਨਕ ਟ੍ਰਾਂਸਪੋਰਟ ਅਥਾੱਰਿਟੀ (Transport Authority) ਤੋਂ ਅਨੁਮਤੀ ਮੰਗ ਰਹੀ ਹੈ। ਸਟੋਰ ਆਮ ਤੌਰ 'ਤੇ ਕਈ ਸਥਾਨਕ ਸਰਕਾਰੀ ਹੌਲੀਡੇ ਬਾਸਕਿਟਾਂ ਦਿੰਦਾ ਹੈ। ਇਸ ਸਾਲ, ਸਟੋਰ ਪ੍ਰਬੰਧਕ ਨੇ ਟ੍ਰਾਂਸਪੋਰਟ ਅਥਾੱਰਿਟੀ ਦੇ ਮੁੱਖ ਅਧਿਕਾਰੀ ਲਈ ਬਾਸਕਿਟ ਵਿੱਚ $300 ਡਾਲਰ ਦਾ ਗਿਫਟ ਕਾਰਡ ਸ਼ਾਮਲ ਕਰਨ ਦੀ ਸਲਾਹ ਦਿੱਤੀ ਹੈ। ਕੀ ਇਹ ਸਵੀਕਾਰਯੋਗ ਹੈ?**

**A** ਨਹੀਂ। ਨੀਤੀ ਗਿਫਟ ਦੀ ਅਨੁਮਤੀ ਨਹੀਂ ਦਿੰਦੀ ਕਿਉਂਕਿ ਇਸਦਾ ਮੁੱਲ ਹੈ ਅਤੇ ਸਪਸ਼ਟ ਰੂਪ ਵਿੱਚ ਟ੍ਰਾਂਸਪੋਰਟ ਅਥਾੱਰਿਟੀ ਨੂੰ ਪ੍ਰਭਾਵਿਤ ਕਰਨ ਦੇ ਇਰਾਦੇ ਨਾਲ ਹੈ। ਨੀਤੀ ਕੁਝ ਰਿਵਾਜੀ ਸੁਗਾਤਾਂ ਦੀ ਅਨੁਮਤੀ ਦਿੰਦੀ ਹੈ, ਜਿਵੇਂ ਹੌਲੀ ਬਾਸਕਿਟਾਂ ਜਿਹਨਾਂ ਦਾ ਮੁੱਲ ਘੱਟ ਜਾਂ ਬਹੁਤ ਥੋੜ੍ਹਾ ਹੁੰਦਾ ਹੈ ਅਤੇ ਇਹ ਕਿਸੇ ਨੂੰ ਪ੍ਰਭਾਵਿਤ ਕਰਨ ਦੇ ਇਰਾਦੇ ਨਾਲ ਨਹੀਂ ਹਨ। ਹਾਲਾਂਕਿ, ਰਿਵਾਜੀ ਹੌਲੀਡੇ ਬਾਸਕਿਟ ਦੇ ਤੌਰ 'ਤੇ ਮਾਮੂਲੀ ਸੁਗਾਤਾਂ ਦੇਣ ਤੋਂ ਪਹਿਲਾਂ ਵੀ ਮਨਜ਼ੂਰੀ ਪ੍ਰਕਿਰਿਆ ਦੀ ਪਾਲਣਾ ਕਰਨੀ ਲਾਜ਼ਮੀ ਹੈ। ਜੇਕਰ ਕਿਸੇ ਸਰਕਾਰੀ ਅਫ਼ਸਰ ਨੂੰ ਰਿਵਾਜੀ ਸੁਗਾਤਾਂ ਦੇਣ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਭ੍ਰਿਸ਼ਟਾਚਾਰ-ਵਿਰੋਧੀ ਅਨੁਪਾਲਣ (Anti-Corruption Compliance) ਟੀਮ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰੋ।

## ਐਂਟੀ-ਮਨੀ ਲੌਂਡਰਿੰਗ

**Q** **ਇੱਕ ਗਾਹਕ ਨੇ ਦੂਜੇ ਦੇਸ਼ ਵਿੱਚ $3,000 ਡਾਲਰ ਮਨੀ ਟ੍ਰਾਂਸਫਰ ਲਈ ਆਪਣਾ ਪਤਾ ਦੇਣ ਤੋਂ ਇਨਕਾਰ ਕਰ ਦਿੱਤਾ। ਕੀ ਮੈਨੂੰ ਇਸਦੀ ਰਿਪੋਰਟ "ਸ਼ੰਕਾਵਾਦੀ ਵਿਅਕਤੀ" ਦੇ ਤੌਰ 'ਤੇ ਕਰਨੀ ਚਾਹੀਦੀ ਹੈ?**

**A** ਬੇਨਤੀ ਕੀਤੀ ਜਾਣਕਾਰੀ ਦੇਣ ਤੋਂ ਝਿਜਕਣ ਵਾਲੇ ਗਾਹਕ ਦੀ ਰਿਪੋਰਟ "ਸ਼ੰਕਾਵਾਦੀ ਵਿਅਕਤੀ" ਦੇ ਤੌਰ 'ਤੇ ਕਰਨੀ ਚਾਹੀਦੀ ਹੈ ਜਦੋਂ ਵਿੱਤੀ ਟ੍ਰਾਂਜੈਕਸ਼ਨਾਂ ਦੀ ਪ੍ਰਕਿਰਿਆ ਕਰਨੀ ਹੋਵੇ।

**Q** **ਇੱਕ ਗਾਹਕ ਨੇ ਮੈਨੂੰ ਪੁੱਛਿਆ ਕਿ ਮੈਂ $5,000 ਡਾਲਰ ਦੀ ਇੱਕ ਟ੍ਰਾਂਜੈਕਸ਼ਨ ਨੂੰ $2,500 ਡਾਲਰ ਦੀਆਂ ਦੋ ਟ੍ਰਾਂਜੈਕਸ਼ੰਸ ਵਿੱਚ ਵੱਖਰਾ ਕਰ ਦੇਵਾਂ ਕਿਉਂਕਿ ਇਸਲਈ ਲੁੜੀਂਦਾ ਪੇਪਰਵਰਕ ਨਹੀਂ ਕਰਨਾ ਚਾਹੁੰਦਾ ਸੀ। ਕੀ ਮੈਨੂੰ ਇਸ ਤਰੀਕੇ ਨਾਲ ਟ੍ਰਾਂਜੈਕਸ਼ਨ ਦੀ ਪ੍ਰਕਿਰਿਆ ਕਰਨੀ ਚਾਹੀਦੀ ਹੈ?**

**A** ਨਹੀਂ। ਜੇਕਰ ਵਾਸਤਵਿਕ ਰੂਪ ਨਾਲ ਇੱਕੋ ਟ੍ਰਾਂਜੈਕਸ਼ਨ ਹੈ, ਤਾਂ ਇਸਦੀ ਪ੍ਰਕਿਰਿਆ ਇੱਕ ਟ੍ਰਾਂਜੈਕਸ਼ਨ ਦੇ ਤੌਰ 'ਤੇ ਕੀਤੀ ਜਾਣੀ ਚਾਹੀਦੀ ਹੈ ਅਤੇ ਉਚਿਤ ਪੇਪਰਵਰਕ ਚੰਗੀ ਤਰ੍ਹਾਂ ਪੂਰਾ ਹੋਣਾ ਚਾਹੀਦਾ ਹੈ ਸਰਕਾਰ ਨੂੰ ਰਿਪੋਰਟ ਕਰਨ ਲਈ ਅੰਦਰ ਵੱਲ ਮੋੜ ਦਿਓ। ਜੇਕਰ ਗਾਹਕ ਇਸਦੀ ਪਾਲਣਾ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਤੁਹਾਨੂੰ ਸਹਾਇਤਾ ਕਰਨ ਲਈ ਇੱਕ ਪ੍ਰਬੰਧਨ ਮੈਂਬਰ ਨੂੰ ਸੰਪਰਕ ਕਰੋ।

## ਕੰਮ ਕਰਨ ਦਾ ਅਧਿਕਾਰ

**Q** **ਕੀ ਮੈਨੂੰ ਸ਼ੰਕਾਵਾਦੀ ਗੈਰ-ਅਧਿਕਾਰਤ ਕਰਮਚਾਰੀਆਂ ਦੀ ਰਿਪੋਰਟ ਕਰਨੀ ਚਾਹੀਦੀ ਹੈ, ਜੇਕਰ ਉਹ ਤਕਨੀਕੀ ਤੌਰ 'ਤੇ ਕਿਸੇ ਠੇਕੇਦਾਰ ਵੱਲੋਂ ਨਿਯੁਕਤ ਹਨ, ਵਾਲਮਾਰਟ ਲਈ ਨਹੀਂ?**

**A** ਹਾਂ। ਸਾਨੂੰ ਆਪਣੇ ਕੇਂਦਰਾਂ ਵਿਖੇ ਸਾਡੇ ਸਾਰੇ ਠੇਕੇਦਾਰਾਂ ਦੇ ਕੇਵਲ ਕੰਮ-ਅਧਿਕਾਰਤ ਕਰਮਚਾਰੀ ਹੀ ਚਾਹੀਦੇ ਹਨ। ਜੇਕਰ ਤੁਹਾਨੂੰ ਸ਼ੱਕ ਹੈ ਕਿ ਸਾਡੀਆਂ ਕਾਰਜ ਸਾਈਟਾਂ ਵਿਖੇ ਅਣਅਧਿਕਾਰਤ ਕਰਮਚਾਰੀ ਹੀ ਹਨ, ਤਾਂ ਕਿਰਪਾ ਕਰਕੇ ਓਪਨ ਡੋਰ ਨੀਤੀ ਰਾਹੀਂ ਪ੍ਰਬੰਧਨ ਨੂੰ ਰਿਪੋਰਟ ਕਰੋ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰੋ।

**Q** **ਮੈਨੂੰ ਕੀ ਕਰਨਾ ਚਾਹੀਦਾ ਹੈ ਜੇਕਰ ਕੋਈ ਸਹਿਯੋਗ ਪਹੁੰਚਦੇ ਹੀ ਕੰਮ ਸ਼ੁਰੂ ਕਰਨ ਲਈ ਤਿਆਰ ਹੋਵੇ ਅਤੇ ਕੰਮ ਦੇ ਅਧਿਕਾਰ ਦੇ ਪ੍ਰਮਾਣ ਨਾ ਦਿਖਾ ਸਕਣ।**

**A** ਰੁਜ਼ਗਾਰ ਅਧਿਕਾਰਾਂ ਨਾਲ ਸੰਬੰਧਿਤ ਆਪਣੇ ਦੇਸ਼ ਦੀਆਂ ਨੀਤੀਆਂ ਦੀ ਪਾਲਣਾ ਕਰੋ। ਇਸ ਵਿੱਚ ਨਵੇਂ ਸਹਿਯੋਗੀਆਂ ਦੇ ਨਾਲ-ਨਾਲ ਇੱਕ ਪ੍ਰਵਾਸ ਜਾਂ ਬਦਲੀ ਅਸਾਈਨਮੈਂਟ 'ਤੇ ਵਿਜਿਟਿੰਗ ਸਹਿਯੋਗੀਆਂ ਦੀ ਤਸਦੀਕ ਸ਼ਾਮਲ ਹੈ। ਉਦਾਹਰਨ ਲਈ, ਅਮਰੀਕਾ ਕਾਨੂੰਨ ਦੇ ਅਧੀਨ ਇੱਕ ਕਰਮਚਾਰੀ ਦੇ ਰੁਜ਼ਗਾਰ ਨੂੰ ਸਮਾਪਤ ਕਰਨਾ ਲਾਜ਼ਮੀ ਹੈ, ਜੋ ਕੁਝ ਸਮੇਂ ਦੀ ਮਿਆਦ ਦੇ ਅੰਦਰ ਕੰਮ ਦਾ ਅਧਿਕਾਰ ਕੰਮ ਦੇ ਅਧਿਕਾਰ ਦਾ ਪ੍ਰਮਾਣ ਦਿਖਾਉਣ ਦੇ ਅਯੋਗ ਹੈ।

## ਕਾਰਜ ਸਥਾਨ ਵਿੱਚ ਵਾਤਾਵਰਣ ਸੰਬੰਧੀ ਜ਼ੁੰਮੇਵਾਰੀ, ਸਿਹਤ ਅਤੇ ਸੁਰੱਖਿਆ

**Q** **ਬੈਕਰੂਮ ਵਿੱਚ ਕੰਮ ਕਰਦੇ ਸਮੇਂ, ਮੈਂ ਸਹਿਯੋਗੀਆਂ ਨੂੰ ਦਰਵਾਜੇ ਵਿੱਚ ਰੋਕ ਪਾਉਂਦੇ ਹੋਏ, ਐਮਰਜੈਂਸੀ ਐਗਜਿਟ ਦੇ ਸਾਹਮਣੇ ਬੌਕਸਿਜ ਜਾਂ ਪੈਲੇਟਸ ਰੱਖਦੇ ਹੋਏ ਦੇਖਿਆ ਸੀ। ਮੈਂ ਇਸਦੀ ਰਿਪੋਰਟ ਆਪਣੇ ਪ੍ਰਬੰਧਕ ਨੂੰ ਕੀਤੀ ਸੀ, ਜਿਸਨੇ ਦੱਸਿਆ ਕਿ ਉਸਨੂੰ ਇਸ ਵਿਧੀ ਵਿੱਚ ਕੋਈ ਸਮੱਸਿਆ ਨਹੀਂ ਜਾਪਦੀ ਕਿਉਂਕਿ ਇਹ ਕੇਵਲ ਅਸਥਾਈ ਸੀ ਅਤੇ ਜਦੋਂ ਮਾਲ ਸੇਲਜ ਫਲੋਰ 'ਤੇ ਚਲਾ ਜਾਂਦਾ ਤਾਂ ਉਹ ਉਹਨਾਂ ਨੂੰ ਹਟਾ ਦਿੰਦੇ। ਕੀ ਇਹ ਸਮੱਸਿਆ ਹੈ?**

**A** ਹਾਂ। ਜੇਕਰ ਸਟੋਰ ਵਿਖੇ ਕੋਈ ਐਮਰਜੈਂਸੀ ਵਾਪਰਦੀ ਹੈ ਤਾਂ ਐਮਰਜੈਂਸੀ ਐਗਜਿਟਸ ਵਿੱਚ ਰੋਕ ਪਾਉਣਾ ਸਹਿਯੋਗੀਆਂ ਅਤੇ ਗਾਹਕਾਂ ਨੂੰ ਖ਼ਤਰੇ ਵਿੱਚ ਪਾਉਂਦਾ ਹੈ। ਇਸ ਤੋਂ ਇਲਾਵਾ, ਸਾਨੂੰ ਸੁਰੱਖਿਆ ਖ਼ਤਰਿਆਂ ਲਈ ਸੰਭਾਵਿਤ ਜੁਰਮਾਨੇ ਅਤੇ ਦੇਣਦਾਰੀਆਂ ਹੋ ਸਕਦੀਆਂ ਹਨ ਜਿਵੇਂ ਐਮਰਜੈਂਸੀ ਐਗਜਿਟਸ ਵਿੱਚ ਰੋਕ ਪਾਉਣਾ ਜਾਂ ਤਾਲੇ ਲਗਾਉਣਾ। ਇਹ ਲਾਜ਼ਮੀ ਹੈ ਕਿ ਐਮਰਜੈਂਸੀ ਐਗਜਿਟਸ ਨੂੰ ਫਾਈਲ ਜਾਂ ਹੋਰ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਵਰਤੋਂ ਲਈ ਪਹੁੰਚਯੋਗ ਹੋਣ ਤੁਹਾਨੂੰ ਅਨੁਪਾਲਣ ਹੌਟਲਾਈਨ (Compliance Hotline) ਜਾਂ ਗਲੋਬਲ ਐਥਿਕਸ ਨੂੰ ਤੁਰੰਤ ਜਾਣਕਾਰੀ ਦੀ ਰਿਪੋਰਟ ਦਿਓ।

**Q** ਇੱਕ ਸਹਿਯੋਗੀ ਨੂੰ ਘਰੇਲੂ ਸਫਾਈ ਦੇ ਖ਼ਰਾਬ ਕੈਮੀਕਲਸ ਦੇ ਕਈ ਕੰਟੇਨਰਾਂ ਦਾ ਨਿਪਟਾਣ ਕਰਨ ਲਈ ਕਿਹਾ ਗਿਆ ਹੈ। ਉਹ ਜਾਣਦਾ ਹੈ ਕਿ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ ਹੈ, ਜੋ ਇਸ ਤਰ੍ਹਾਂ ਦੀਆਂ ਵਸਤਾਂ ਦਾ ਉਚਿਤ ਨਿਪਟਾਣ ਦਾ ਪ੍ਰਬੰਧ ਕਰਦੀ ਹੈ ਪਰੰਤੂ ਇਸਦੀ ਪਾਲਣਾ ਕਰਨ ਦੀ ਬਜਾਏ, ਕੈਮੀਕਲਸ ਨੂੰ ਬਿਲਡਿੰਗ ਦੇ ਬਾਹਰ ਸੁੱਟ ਦਿੰਦਾ ਹੈ ਅਤੇ ਉੱਥੇ ਹੀ ਛੱਡ ਦਿੰਦਾ ਹੈ। ਇਸਨੂੰ ਕਿਵੇਂ ਨਿਪਟਾਉਣਾ ਚਾਹੀਦਾ ਹੈ?

**A** ਕੈਮੀਕਲਸ ਨੂੰ ਕਦੇ ਵੀ ਬਾਹਰ ਅਤੇ ਐਲੀਮੈਂਟ ਦੇ ਅਧੀਨ ਸਟੋਰ ਨਹੀਂ ਕੀਤਾ ਜਾਣਾ ਚਾਹੀਦਾ, ਖਾਸ ਕਰਕੇ ਜੇਕਰ ਇਹ ਖ਼ਰਾਬ ਹੋਣ। ਇਹ ਰਿਸ ਸਕਦੇ ਹਨ ਜਾਂ ਖ਼ਰਾਬ ਹੋ ਸਕਦੇ ਹਨ, ਜਿਸ ਨਾਲ ਕੈਮੀਕਲਸ ਵਾਤਾਵਰਣ ਵਿੱਚ ਰਿਲੀਜ ਹੋ ਸਕਦੇ ਹਨ। ਸਹਿਯੋਗੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਾਤਾਵਰਣ ਵਿੱਚ ਰਿਲੀਜ ਹੋਣ ਤੋਂ ਰੋਕਥਾਮ ਲਈ ਸਾਰੇ ਕੈਮੀਕਲਸ ਨੂੰ ਉਚਿਤ ਵਰਜਣ ਨਾਲ ਮਨਜ਼ੂਰਸ਼ੁਦਾ ਖੇਤਰਾਂ ਵਿੱਚ ਸੁਰੱਖਿਅਤ ਰੂਪ ਨਾਲ ਸਟੋਰ ਕੀਤੇ ਜਾਂਦੇ ਹਨ। ਸਹਿਯੋਗੀਆਂ ਵਾਤਾਵਰਣ ਸੰਬੰਧੀ ਸਮੱਸਿਆਵਾਂ ਨਾਲ ਸੰਬੰਧਿਤ ਕਾਰਪੋਰੇਟ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇਕਰ ਕੋਈ ਸਹਿਯੋਗੀ ਕੈਮੀਕਲਸ ਨੂੰ ਰਿਸਦੇ ਹੋਏ ਜਾਂ ਗਲਤ ਢੰਗ ਨਾਲ ਸਟੋਰ ਕੀਤੇ ਦੇਖਦਾ ਹੈ, ਤਾਂ ਉਸਨੂੰ ਤੁਰੰਤ ਪ੍ਰਬੰਧਨ ਨੂੰ ਸੂਚਨਾ ਦੇਣੀ ਚਾਹੀਦੀ ਹੈ ਅਤੇ ਅਨੁਪਾਲਣ ਹੌਟਲਾਈਨ ਨੂੰ ਸੰਪਰਕ ਕਰੋ ਜਾਂ ਗਲੋਬਲ ਐਥਿਕਸ ਨੂੰ ਜਾਣਕਾਰੀ ਦੀ ਰਿਪੋਰਟ ਕਰੋ।

## ਨਿਜੀ ਅਤੇ ਕਾਰੋਬਾਰ ਸੰਬੰਧੀ ਜਾਣਕਾਰੀ ਦੀ ਰੱਖਿਆ ਕਰਨਾ

**Q** ਇੱਕ ਇਨਵੋਇਸ ਸਹਿਯੋਗੀ ਦਾ ਵਿਆਹ ਕਿਸੇ ਸਪਲਾਇਰ ਨਾਲ ਹੁੰਦਾ ਹੈ, ਜੋ ਹੋਮ ਆੱਫਿਸ ਵਿਖੇ ਖ਼ਰੀਦਾਰ ਨਾਲ ਕੰਮ ਕਰਦਾ ਹੈ ਮੈਂ ਉਸਨੂੰ ਆਪਣੇ ਪਤੀ ਨਾਲ ਗੱਲ ਕਰਦੇ ਹੋਏ ਅਤੇ ਉਸਨੂੰ ਉਹਨਾਂ ਉਤਪਾਦਾਂ ਦੀ ਕੀਮਤ ਦੱਸਦੇ ਹੋਏ ਦੇਖਿਆ ਹੈ, ਜੋ ਅਸੀਂ ਉਸਦੇ ਪ੍ਰਤਿਯੋਗੀ ਤੋਂ ਖਰੀਦ ਰਹੇ ਹਾਂ। ਕੀ ਇਹ ਉਲੰਘਣਾ ਹੈ?

**A** ਹਾਂ। ਹਾਲਾਂਕਿ ਉਸਦਾ ਕਾਰੋਬਾਰ 'ਤੇ ਪ੍ਰਭਾਵ ਨਹੀਂ ਹੈ ਜੋ ਉਹ ਵਾਲਮਾਰਟ ਵਿਖੇ ਕੰਮ ਕਰਦਾ ਹੈ, ਉਸਦੀ ਗੁਪਤ ਜਾਣਕਾਰੀ ਤੱਕ ਪਹੁੰਚ ਹੈ, ਜੋ ਉਹ ਆਪਣੇ ਪਤੀ ਦੀ ਕੰਪਨੀ ਨੂੰ ਹੋਰ ਸਪਲਾਇਰਾਂ ਤੋਂ ਲਾਭ ਲੈਣ ਲਈ ਦੇ ਸਕਦੀ ਹੈ।

**Q** ਮੇਰੀ ਇੱਕ ਸਹਿ-ਕਰਮੀ ਨੇ ਹੁਣੇ ਜਿਹੇ ਹੀ ਆਪਣਾ ਅਸਤੀਫ਼ਾ ਦਿੱਤਾ ਹੈ। ਉਦੋਂ ਤੋਂ, ਉਹ ਆਪਣੇ ਘਰ ਦੇ ਕੰਪਿਊਟਰ 'ਤੇ ਸਪਲਾਇਰ ਦੀ ਸੰਪਰਕ ਜਾਣਕਾਰੀ ਈਮੇਲ ਭੇਜ ਰਹੀ ਹੈ ਤਾਂ ਜੋ ਆਪਣਾ ਖੁਦ ਦਾ ਕਾਰੋਬਾਰ ਸ਼ੁਰੂ ਕਰ ਸਕੇ। ਕੀ ਇਹ ਉਲੰਘਣਾ ਹੈ?

**A** ਹਾਂ। ਵਾਲਮਾਰਟ ਵਿਖੇ ਆਪਣੀ ਪੋਜੀਸ਼ਨ ਰਾਹੀਂ ਸਪਲਾਇਰ ਸੰਬੰਧੀ ਜਾਣਕਾਰੀ ਜੋ ਉਸਨੇ ਪ੍ਰਾਪਤ ਕੀਤੀ, ਉਸਨੂੰ ਕੰਪਨੀ ਦੀ ਗੁਪਤ ਜਾਣਕਾਰੀ ਮੰਨਿਆ ਜਾਂਦਾ ਹੈ। ਉਸਨੂੰ ਇਸਦਾ ਇਸਤੇਮਾਲ ਆਪਣੇ ਨਿਜੀ ਕਾਰੋਬਾਰ ਲਈ ਨਹੀਂ ਕਰਨਾ ਚਾਹੀਦਾ। ਤੁਹਾਨੂੰ ਇਸਦੀਰਿਪੋਰਟ ਗਲੋਬਲ ਐਥਿਕਸ ਨੂੰ ਕਰਨੀ ਚਾਹੀਦੀ ਹੈ।

**Q** ਮੇਰੇ ਇੱਕ ਦੋਸਤ ਨੇ ਕਿਹਾ ਕਿ ਉਹ ਕਿਸੇ ਪ੍ਰਤਿਯੋਗੀ ਦੀ ਵਿਗਿਆਪਨ ਸੰਬੰਧੀ ਭਵਿੱਖੀ ਯੋਜਨਾ ਦੀ ਜਾਣਕਾਰੀ ਮੈਨੂੰ ਦੇ ਸਕਦਾ ਹੈ। ਕੀ ਮੈਨੂੰ ਇਹ ਜਾਣਕਾਰੀ ਸਵੀਕਾਰ ਕਰਨੀ ਚਾਹੀਦੀ ਹੈ?

**A** ਨਹੀਂ। ਸਾਨੂੰ ਹੋਰਾਂ ਕੰਪਨੀਆਂ ਦੀ ਗੁਪਤ ਜਾਣਕਾਰੀ ਬਾਰੇ ਜਾਣਨ ਦੀ ਕੋਈ ਇੱਛਾ ਜਾਂ ਲੋੜ ਨਹੀਂ ਹੈ।

**Q** ਮੇਰੇ ਪ੍ਰਬੰਧਕ ਨੇ ਮੇਰੀ ਚਿਕਿਤਸਾ ਸਥਿਤੀ ਬਾਰੇ ਮੇਰੇ ਸਾਰੇ ਦੋਸਤਾਂ ਨੂੰ ਦੱਸਿਆ ਜਦੋਂ ਮੈਂ ਕੱਲ੍ਹ ਬੀਮਾਰ ਹੋ ਗਿਆ ਸੀ। ਕੀ ਇਹ ਨਿਜਤਾ ਨੀਤੀ ਦੀ ਉਲੰਘਣਾ ਹੈ?

**A** ਇਹ ਹੋ ਸਕਦੀ ਹੈ। ਤੁਹਾਡੇ ਸਾਥੀਆਂ ਨੂੰ ਤੁਹਾਡੀ ਚਿਕਿਤਸਾ ਸਥਿਤੀ ਜਾਣਨ ਦੀ ਕੋਈ ਕਾਰੋਬਾਰ ਸੰਬੰਧੀ ਲੋੜ ਨਹੀਂ ਹੈ। ਕਈ ਵਾਰ ਇਸ ਤਰ੍ਹਾਂ ਦੀ ਜਾਣਕਾਰੀ ਇੱਕ ਮਹੱਤਵਪੂਰਣ ਅਤੇ ਬਹੁਮੁੱਲੇ ਮੈਂਬਰ ਦੇ ਤੌਰ 'ਤੇ ਸਚਮੁਚ ਤੁਹਾਡੀ ਪਰਵਾਹ ਅਤੇ ਚਿੰਤਾ ਲਈ ਸਾਂਝੀ ਕੀਤੀ ਜਾਂਦੀ ਹੈ। ਆਪਣੇ ਪ੍ਰਬੰਧਕ ਨਾਲ ਗੱਲ ਕਰੋ ਅਤੇ ਤੁਹਾਡੀ ਚਿੰਤਾ ਉਹਨਾਂ ਨੂੰ ਦੱਸੋ। ਜੇਕਰ ਤੁਸੀਂ ਉਹਨਾਂ ਨਾਲ ਗੱਲ ਕਰਨ ਵਿੱਚ ਸਹਿਜ ਹੋ, ਤਾਂ ਆਪਣੇ ਮਨੁੱਖੀ ਸੰਸਾਧਨ ਪ੍ਰਬੰਧਕ (Human Resources) ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰੋ।

**Q** ਇੱਕ ਫਾਰਮੈਸੀ ਸਹਿਯੋਗੀ ਨੇ ਮੈਨੂੰ ਦੱਸਿਆ ਕਿ ਕਿਸੇ ਗਾਹਕ ਦੀ ਵਿਰਲੇ ਹੀ ਚਿਕਿਤਸਾ ਸਥਿਤੀ ਹੈ। ਕੀ ਉਸਨੂੰ ਇਹ ਜਾਣਕਾਰੀ ਸਾਂਝਾ ਕਰਨ ਦੀ ਅਨੁਮਤੀ ਹੈ?

**A** ਨਹੀਂ। ਸਾਡੇ ਗਾਹਕਾਂ ਬਾਰੇ ਨਿਜੀ ਜਾਣਕਾਰੀ ਗੁਪਤ ਹੈ ਅਤੇ ਇਸਨੂੰ ਸਾਂਝਾ ਨਹੀਂ ਕੀਤਾ ਜਾਣਾ ਚਾਹੀਦਾ, ਚਿਕਿਤਸਾ ਡਾਟਾ ਸਮੇਤ। ਤੁਹਾਨੂੰ ਇਸ ਘਟਨਾ ਦੀ ਰਿਪੋਰਟ ਪ੍ਰਬੰਧਨ ਨੂੰ ਕਰਨੀ ਚਾਹੀਦੀ ਹੈ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰੋ।

**Q** ਮੇਰਾ ਇੱਕ ਗੁਮਨਾਮ ਬਲੌਗ ਹੈ, ਜੋ ਮੈਂ ਨਿਯਮਬੱਧ ਆਧਾਰ 'ਤੇ ਲਿਖਦੀ ਹਾਂ। ਕੀ ਮੈਂ ਵਾਲਮਾਰਟ ਵਿਖੇ ਮੇਰੀ ਭੂਮਿਕਾ ਤੋਂ ਲਈ ਗਈ ਜਾਣਕਾਰੀ ਪੋਸਟ ਕਰ ਸਕਦੀ ਹਾਂ?

**A** ਜਾਣਕਾਰੀ ਨੂੰ ਔਨਲਾਈਨ ਪੋਸਟ ਕਰਦੇ ਸਮੇਂ ਦੂਜਿਆਂ ਨਾਲ ਗੱਲਬਾਤ ਕਰਨ ਦਾ ਇੱਕ ਵਧੀਆ ਤਰੀਕਾ ਹੋ ਸਕਦਾ ਹੈ, ਇਸ ਨਾਲ ਜੁੜੇ ਖ਼ਤਰਿਆਂ ਅਤੇ ਰੀਵਾਰਡਾਂ 'ਤੇ ਵਿਚਾਰ ਕਰਨਾ ਲਾਜ਼ਮੀ ਹੈ। ਵਾਲਮਾਰਟ ਅਤੇ ਇਸਦੇ ਸਾਂਝੇਦਾਰਾਂ ਨਾਲ ਸੰਬੰਧਿਤ ਕੰਪਨੀ ਦੀ ਕਾਰੋਬਾਰ ਜਾਣਕਾਰੀ ਅਤੇ ਗਾਹਕਾਂ, ਮੈਂਬਰਾਂ ਅਤੇ ਸਪਲਾਇਰਾਂ ਦੀ ਨਿਜੀ ਜਾਣਕਾਰੀ ਦੇ ਨਾਲ-ਨਾਲ ਜੁੜੀ ਚਿਕਿਤਸਾ ਜਾਣਕਾਰੀ ਦੀ ਗੁਪਤਤਾ ਨੂੰ ਕਾਇਮ ਰੱਖੋ। ਆਖ਼ਰਕਾਰ, ਜੋ ਤੁਸੀਂ ਪੋਸਟ ਕਰਦੇ ਹੋ, ਉਸਦੇ ਤੁਸੀਂ ਖੁਦ ਜ਼ੁੰਮੇਵਾਰ ਹੋ।

**Q** ਮੇਰਾ ਦੋਸਤ ਅਤੇ ਮੈਂ ਇੱਕੋ ਵਿਭਾਗ ਵਿੱਚ ਕੰਮ ਕਰਦੇ ਹਾਂ। ਸਾਡੇ ਦੋਵਾਂ ਦੇ ਕੰਮ ਵਿੱਚ ਸੰਵੇਦਨਸ਼ੀਲ ਜਾਣਕਾਰੀ ਹੈ। ਮੈਨੂੰ ਹੁਣੇ ਜਿਹੇ ਗੁਪਤ ਜਾਣਕਾਰੀ ਪਤਾ ਲੱਗੀ, ਜਿਸ ਨਾਲ ਉਸਦੀ ਭੂਮਿਕਾ ਪ੍ਰਭਾਵਿਤ ਹੋ ਸਕਦੀ ਹੈ। ਕੀ ਮੈਂ ਉਸ ਨਾਲ ਇਹ ਜਾਣਕਾਰੀ ਸਾਂਝੀ ਕਰ ਸਕਦੀ ਹਾਂ?

**A** ਨਹੀਂ। ਹਾਲਾਂਕਿ ਤੁਸੀਂ ਦੋਵੇਂ ਦੋਸਤ ਹੋ ਅਤੇ ਇੱਕੋ ਵਿਭਾਗ ਵਿੱਚ ਕੰਮ ਕਰਦੇ ਹੋ, ਤੁਹਾਨੂੰ ਕਿਸੇ ਵੀ ਵਿਅਕਤੀ ਨਾਲ ਸੰਵੇਦਨਸ਼ੀਲ ਜਾਣਕਾਰੀ ਦੀ ਚਰਚਾ ਜਾਂ ਇਸਨੂੰ ਸਾਂਝਾ ਨਹੀਂ ਕਰਨਾ ਚਾਹੀਦਾ, ਜਿਸਨੂੰ ਇਹ ਜਾਣਨ ਲਈ ਕੋਈ ਕਾਰੋਬਾਰੀ ਲੋੜ ਨਾ ਹੋਵੇ।

# ਸਰਕਾਰੀ ਅਤੇ ਰਾਜਨੀਤਿਕ ਗਤੀਵਿਧੀਆਂ

**Q** ਸਾਡੇ ਕੋਲ ਆਪਣੇ ਭੋਜਨ ਉਤਪਾਦਾਂ ਦੀ ਜਾਂਚ ਕਰਨ ਲਈ ਸਰਕਾਰ ਦਾ ਇੱਕ ਪ੍ਰਤਿਨਿਧੀ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

**A** ਤੁਰੰਤ ਆਪਣੇ ਪ੍ਰਬੰਧਕ ਨੂੰ ਜਾਂ ਅਨੁਪਾਲਣ ਵਿਭਾਗ ਨੂੰ ਸੰਪਰਕ ਕਰੋ। ਯਕੀਨੀ ਬਣਾਓ ਕਿ ਤੁਸੀਂ ਆਪਣੀ ਮਾਰਕਿਟ ਦੀ ਸੂਚਨਾ ਪ੍ਰਕਿਰਿਆ ਦੀ ਪਾਲਣਾ ਕਰਦੇ ਹੋ।

**Q** ਮੇਰੀ ਟੀਮ ਦੀ ਦਿਲਚਸਪੀ ਇੱਕ ਸਰਕਾਰ ਦੇ ਕਾਰੋਬਾਰ ਤੋਂ ਉਤਪਾਦ ਖਰੀਦਣ ਵਿੱਚ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

**A** ਕੋਈ ਵੀ ਕਾਰਵਾਈ ਕਰਨ ਜਾਂ ਵਾਲਮਾਰਟ ਦੇ ਵੱਲੋਂ ਕੋਈ ਵਾਦਾ ਕਰਨ ਤੋਂ ਪਹਿਲਾਂ ਆਪਣੀ ਭ੍ਰਿਸ਼ਟਾਚਾਰ-ਵਿਰੋਧੀ ਅਨੁਪਾਲਣ ਟੀਮ ਜਾਂ ਗਲੋਬਲ ਐਥਿਕਸ ਨੂੰ ਸੰਪਰਕ ਕਰੋ।

**Q** ਮੇਰੀ ਟੀਮ ਸਥਾਨਕ ਸਕੂਲ ਜਿਲਾ ਕੈਫੇਟੇਰੀਆ ਪ੍ਰੋਗਰਾਮ ਲਈ ਭੋਜਨ ਆਈਟਮਾਂ ਦਾ ਖਾਸ ਪ੍ਰਦਾਤਾ ਬਣਨ ਲਈ ਪ੍ਰਸਤਾਵ ਦੀ ਬੇਨਤੀ (RFP) ਜਮ੍ਹਾਂ ਕਰਨਾ ਚਾਹੁੰਦੀ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

**A** ਕੋਈ ਵੀ ਵਾਦਾ ਕਰਨ ਤੋਂ ਪਹਿਲਾਂ ਕਾਨੂੰਨੀ ਵਿਭਾਗ ਨੂੰ ਸੰਪਰਕ ਕਰੋ ਅਤੇ ਸਰਕਾਰੀ ਕੌਂਟਰੈਕਟਿੰਗ ਟੀਮ ਨਾਲ ਸਮੱਸਿਆ ਬਾਰੇ ਗੱਲ ਕਰੋ।

**Q** ਮੈਂ ਆਪਣੇ ਸ਼ਹਿਰ ਦੇ ਸਿੱਖਿਆ ਬੋਰਡ (Education Board) ਵਿੱਚ ਸ਼ਾਮਲ ਹੋਣਾ ਚਾਹੁੰਦਾ ਹਾਂ। ਕੀ ਮੈਨੂੰ ਵਾਲਮਾਰਟ ਵਿਖੇ ਪ੍ਰਬੰਧਕ ਦੇ ਤੌਰ 'ਤੇ ਅਜਿਹਾ ਕਰਨ ਦੀ ਅਨੁਮਤੀ ਹੈ?

**A** ਹਾਂ। ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਾਲਮਾਰਟ ਵਿੱਚ ਤੁਹਾਡੀ ਪੋਜੀਸ਼ਨ ਅਤੇ ਇਸ ਨਾਲ ਜੁੜਿਆ ਕਿਸੇ ਵੀ ਪ੍ਰਭਾਵ ਨੂੰ, ਸਿੱਖਿਆ ਬੋਰਡ ਵਿੱਚ ਤੁਹਾਡੀ ਪੋਜੀਸ਼ਨ ਤੋਂ ਵੱਖ ਰੱਖਿਆ ਜਾਂਦਾ ਹੈ। ਤੁਹਾਨੂੰ ਬੋਰਡ ਨਾਲ ਆਪਣੀ ਸ਼ਮੂਲੀਅਤ ਬਾਰੇ ਆਪਣੇ ਪ੍ਰਬੰਧਕ ਨਾਲ ਵੀ ਪਾਰਦਰਸ਼ਕ ਹੋਣਾ ਚਾਹੀਦਾ ਹੈ।

## ਅੰਤਰਰਾਸ਼ਟਰੀ ਵਪਾਰ

**Q ਮੇਰੇ ਵਿਚਾਰ ਵਿੱਚ ਸਾਡੀਆਂ ਆਯਾਤ ਕੀਤੀਆਂ ਵਸਤਾਂ ਪੇਪਰਵਰਕ 'ਤੇ ਗਲਤ ਢੰਗ ਨਾਲ ਸ਼੍ਰੇਣੀਬੱਧ ਕੀਤੀਆਂ ਗਈਆਂ ਸਨ। ਮੈਨੂੰ ਕੀ ਕਰਨਾ ਚਾਹੀਦਾ ਹੈ?**

**A** ਤੁਰੰਤ ਆਪਣੇ ਪ੍ਰਬੰਧਕ ਅਤੇ ਅਨੁਪਾਲਣ ਵਿਭਾਗ ਨੂੰ ਸੰਪਰਕ ਕਰੋ। ਉਤਪਾਦਾਂ 'ਤੇ ਗਲਤ ਢੰਗ ਨਾਲ ਆਯਾਤ ਜਾਣਕਾਰੀ ਲਈ ਕਈ ਦੇਸ਼ਾਂ ਵਿੱਚ ਜੁਰਮਾਨੇ ਅਤੇ ਟੈਰਿਫ ਹਨ।

**Q ਮੈਨੂੰ ਦੱਸਿਆ ਗਿਆ ਸੀ ਕਿ ਮੇਰੇ ਨਵੇਂ ਸਪਲਾਇਰ ਕਿਸੇ ਪ੍ਰਕਾਰ ਦੀ ਸਰਕਾਰੀ ਸੂਚੀ ਵਿੱਚ ਦਿਖਾਈ ਦਿੱਤੇ ਸਨ ਅਤੇ ਮੈਨੂੰ ਉਸ ਸਪਲਾਇਰ ਨਾਲ ਕਾਰੋਬਾਰ ਨਹੀਂ ਕਰਨਾ ਚਾਹੀਦਾ। ਮੈਨੂੰ ਕੀ ਕਰਨਾ ਚਾਹੀਦਾ ਹੈ?**

**A** ਕਿਵੇਂ ਅੱਗੇ ਵਧਿਆ ਜਾਏ ਜਾਂ ਸਮੱਸਿਆ ਨੂੰ ਕਿਵੇਂ ਸਹੀ ਕੀਤਾ ਜਾਏ, ਇਸ 'ਤੇ ਸਲਾਹ ਲਈ ਅਨੁਪਾਲਣ ਵਿਭਾਗ ਨੂੰ ਸੰਪਰਕ ਕਰੋ। ਕਈ ਸਰਕਾਰਾਂ ਉਹਨਾਂ ਦੇਸ਼ਾਂ ਅਤੇ ਲੋਕਾਂ ਦੀ ਸੂਚੀ ਰੱਖਦੀਆਂ ਹਨ, ਜਿਹਨਾਂ ਨਾਲ ਕਾਰੋਬਾਰ ਵਿੱਚ ਟ੍ਰਾਂਜੈਕਸ਼ੰਸ ਸ਼ਾਮਿਲ ਨਹੀਂ ਹੋ ਸਕਦੀਆਂ।

## ਮੀਡਿਆ ਸਟੇਟਮੈਂਟਸ

**Q ਮੇਰੇ ਵਿਚਾਰ ਵਿੱਚ ਮੇਰਾ ਨਵਾਂ ਸਟੋਰ ਇੱਕ ਨਿਸ਼ਚਿਤ ਤਾਰੀਖ ਨੂੰ ਖੁਲ੍ਹੇਗਾ। ਕੀ ਮੈਂ ਸ਼ਾਨਦਾਰ ਸ਼ੁਰੂਆਤ ਅਤੇ ਗਤੀਵਿਧੀਆਂ ਬਾਰੇ ਦੱਸਣ ਲਈ ਸਥਾਨਕ ਮੀਡਿਆ ਨੂੰ ਬੁਲਾ ਸਕਦਾ ਹਾਂ?**

**A** ਤੁਹਾਨੂੰ ਮੀਡਿਆ ਨੂੰ ਸੰਪਰਕ ਕਰਨ ਤੋਂ ਪਹਿਲਾਂ ਕਾਰਪੋਰੇਟ ਮਾਮਲਾ ਵਿਭਾਗ (Corporate Affairs Department) ਨੂੰ ਸੰਪਰਕ ਕਰਨਾ ਚਾਹੀਦਾ ਹੈ। ਕਾਰਪੋਰੇਟ ਮਾਮਲਾ ਵਿਭਾਗ ਤੁਹਾਨੂੰ ਉਹ ਸ੍ਰੋਤ ਅਤੇ ਸਰਕਾਰੀ ਜਾਣਕਾਰੀ ਮੁਹੱਈਆ ਕਰੇਗਾ, ਜੋ ਤੁਸੀਂ ਸਥਾਨਕ ਭਾਈਚਾਰੇ ਅਤੇ ਮੀਡਿਆ ਨਾਲ ਸਾਂਝਾ ਕਰ ਸਕਦੇ ਹੋ।